# ਜੈਨ ਤੀਰਥੰਕਰ

## ਤੀਰਥੰਕਰ ਪ੍ਰੰਪਰਾ :-

ਲੇਖਕ । ਰਵਿੰਦਰ ਜੈਨ, ਪਰਸ਼ੋਤਮ ਜੈਨ

ਜੈਨ ਧਰਮ ਦਾ ਇਤਿਹਾਸ ਉੱਨਾ ਹੀ ਪੁਰਾਣਾ ਹੈ ਜਿੰਨਾ ਕਿ ਆਤਮਾ ਦਾ ਇਤਿਹਾਸ। ਜਿਵੇਂ ਆਤਮਾ ਅਨਾਦਿ ਹੈ ਇਸ ਪ੍ਰਕ ਰ ਜੈਨ ਧਰਮ ਪ੍ਰੰਪਰਾ ਅਨਾਦਿ ਹੈ ਜੈਨ ਪ੍ਰੰਪਰਾ ਅਨੁਸਾਰ ਸਮੁੱਚਾ ਜੀਵ ਚਾਰ ਗਤੀਆਂ ਵਿਚ ਘੁੱਮਦਾ ਰਹਿੰਦਾ ਹੈ ਉਹ ਗਤੀਆਂ ਹਨ। 1) ਮਨੁੱਖ 2) ਦੇਵਤਾ 3) ਪਸ਼ੂ) ਨਾਰਕੀ। ਸੰਸਾਰ ਅਨਾਦਿ ਹੈ ਅਨੰਤ ਹੈ ਪਰ ਦਰਵੋਂ ਪਖੋਂ ਪਰਿਵਰਤਨਸ਼ੀਲ ਵੀ ਹੈ ਜੰਬੂਦੀਪ ਵਿਚ ਭਰਤ ਖੰਡ ਨਾਂ ਦਾ ਦੇਸ਼ ਹੈ । ਜਿਥੇ 24 ਤੀਰਥੰਕਰ ਸਮੇਂ ਸਮੇਂ ਜਨਮ ਲੈਂਦੇ ਹਨ ਅਤੇ ਲੋਕਾਂ ਨੂੰ ਅਹਿੰਸਾ, ਸੰਜਮ ਤਪ ਤੇ ਅਨੇਕਾਂਤਵਾਦ ਦਾ ਰਾਹ ਵਿਖਾਉਂਦੇ ਰਹਿੰਦੇ ਹਨ। ਤੀਰਥੰਕਰ ਜੈਨ ਪਰੰਪਰਾ ਅਨੁਸਾਰ ਆਤਮਾ ਦੀ ਸਰਵਉੱਚ ਸਥਿਤੀ ਦਾ ਨਾਂ ਹੈ। ਤੀਰਥੰਕਰ ਕੋਈ ਅਵਤਾਰ ਨਹੀ ਹੁੰਦੇ ਹਨ ਪਰ ਆਤਮਾ ਦੇ ਵਿਕਾਸ ਦੀ ਇਸ ਤੋਂ ਅਗੇ ਕੋਈ ਹੱਦ ਨਹੀ ੀਰਥੰਕਰ ਦੇਵਤੇ ਮਨੁਖਾ ਰਾਹੀਂ ਪੂਜੇ ਜਾਂਦੇ ਹਨ। ਤੀ ਥੰਕਰ ਪਿਛਲੇ ਜਨਮ ਦੀ ਕਮ ਈ ਸਦਕਾ ਮਤੀ ਸਰੁਤ ਤੇ ਅਵੱਧੀ ਗਿਆਨ ਦੇ ਧਾਰਟ ਹੁੰਦੇ ਹਨ ਇਹ ਹਮੇਸ਼ਾ ਰਾਜ ਵੰਸ਼ ਵਿਚ ਜਨਮ ਲੈਂਦੇ ਹਨ ਤੀ ਥੰਕਰਾਂ ਦੀ ਮਾਤਾਵਾਂ ਜਨਮ ਤੋਂ ਪਹਿਲਾਂ 14 ਸੁਪਨੇ ਵੇਖਦੀਆ ਹਨ। ਸਾਰੇ ਤੀਰਥੰਕਰ ਸ਼ੁਰੂ ਤੋਂ ਖਿਨਾ ਸਾਧੂ ਜੀਵਨ ਗ੍ਰਹਿਣ ਕਰਦੇ ਹਨ। ਦੀਖਿਆ ਤੋਂ ਪਹਿਲਾ ਇਕ ਸਾਲ ਦਾਨ ਦਿੰਦੇ ਹਨ। ਦੀਖਿਆ ਸਮੇਂ ਇਨਾ ਤੀਰਥੰਕਰਾ ਨੂੰ ਚੌਥਾ ਮਨ ਰੱਜਵ ਗਿਆਨ ਪ੍ਰਾਪਤ ਹੋ ਜਾਂਦਾ ਹੈ। ਸਭ ਤੋ ਪਮੁਖ ਗਿਆਨ ਕੇਵਲ ਗਿਆਨ ਹੈ, ਇਸ ਗਿਆਨ ਦੇ ਪ੍ਰਗਟ ਹੋਣ ਤੇ ਜਨਮ ਮਰਨ ਦਾ ਚੱਕਰ ਮਿਟ ਜਾਂਦਾ ਹੈ ਆਤਮਾ ਪ੍ਰਮਾਤਮ ਅਵਸਥਾ ਨੂੰ ਪ੍ਰਾਪਤ ਕਰਦੀ ਹੈ ਤੀਰਥੰਕਰ ਪਦਵੀ ਪਿਛਲੇ ਕਈ ਜਨਮਾਂ ਦੀ ਕਮਾਈ ਦਾ ਫਲ ਹੁੰਦਾ ਹੈ। ਤੀਰਥੰਕਰ ਦੇ ਗਰਭ, ਜਨਮ, ਦੀਖਿਆ, ਕੇਵਲ ਗਿਆਨ ਤੇ ਨਿਰਵਾਨ ਸਮੇ ਦੇਵਤਾ ਆਉਂਦੇ ਹਨ। ਇਸ ਸਮੇਂ ਨੂੰ ਕਲਿਆਨਕ ਆਖਦੇ ਹਨ। ਇਨਾ ਦਾ ਵਰਣਨ ਜੈਨ ਗ੍ਰੰਥ ਕਲਪ ਸੂਤਰ ਵਿਚ ਵਿਸਥਾਰ ਨਾਲ ਆਖਿਆ ਹੈ ਕੇਵਲ ਗਿਆਨ ਪ੍ਰਗਟ ਹੋਣ ਤੋਂ ਵਾਅਦ ਤੀਰਥੰਕਰਾਂ ਦੇ 35 ਅਤਿਸ਼ੇ, 8 ਪ੍ਰਤਿਹਾਰੇ ਪ੍ਰਗਟ ਹੁੰਦੇ ਹਨ । ਤੀਰਥੰਕਰ ਦੀ ਧਰਮ ਸਭਾ ਸਮੋਸਰਨ ਅਖਵਾਉਂਦੀ ਹੈ ਕੇਵਲ ਗਿਆਨ ਤੋਂ ਵਾਅਦ ਸਵਰਗ, ਧਰਤੀ ਦੇ ਜੀਵ ਜੰਤੂ ਤੀਰਥੰਕਰਾਂ ਦੀ ਧਰਮ ਸਭਾ ਵਿਚ ਬੈਠਕੇ ਤੀਰਥੰਕਰ ਦਾ ਉਪਦੇਸ਼ ਲੋਕ ਭਾਸ਼ਾ ਵਿਚ ਸੁਨਦੇ ਹਨ। ਮੂਲ ਰੂਪ ਵਿਚ ਤੀਰਥੰਕਰ ਲੋਕ ਭਾਸ਼ਾ ਪ੍ਰਕ੍ਰਿਤ ਵਿਚ ਉਪਦੇਸ਼ ਕਰਦੇ ਹਨ। ਕੇਵਲ ਗਿਆਨ ਦੇ ਪ੍ਰਭਾਵ ਕਾਰਣ ਹਰ ਜੀਵ ਅਸਾਨੀ ਨਾਲ ਅਪਨੀ ਭਾਸ਼ਾ ਵਿਚ ਸਾਰਾ ਉਪਦੇਸ ਗ੍ਰਹਿਣ ਕਰਦੇ ਹਨ ਭਰਤ ਖੰਡ (ਭਾਰਤ) ਵਿਚ ਅਜਕਲ ਤੀਰਥੰਕਰ ਪ੍ਰੰਪਰਾ ਕਾਫੀ ਸਮੇਂ ਲਈ ਬੰਦ ਹੈ ਪਰ ਕ ਲ ਤੇ ਤੀਜਰੇ ਤੇ ਚੌਥੇ ਭਾਗ ਵਿਚ ਤੀਰਥੰਕਰ ਜਨਮ ਲੈਦੇ ਹਨ । ਧਰਤੀ ਦੇ ਕਈ ਹਿਸੇ ਹੁਣ ਵੀ ਅਜੇਹੇ ਹਨ। ਜਿਥੇ 20 ਵਿਹਰਮਾਨ ਤੀਰਥੰਕਰ ਘੁਮ ਰਹੇ ਹਨ। ਇਸ ਹਿਸੇ ਨੂੰ ਮਹਾਵਿਦੇਹ ਆਖਦੇ ਹਨ। ਇਸ ਭਾਗ ਕੋਈ ਖਾਸ ਗਿਆਨੀ ਧਿਆਨ ਨਾਲ ਹੀ ਪਹੁੰਚ ਸਕਦਾ ਹੈ। ਭਾਵ ਇਥੇ ਘੁਮਨ ਵਾਲੇ ਤੀਰਥੰਕਰ ਦਾ ਧਿਆਨ ਕੀਤਾ ਜਾ ਸਕਦਾ ਹੈ। ਆਮ ਮਨੁੱਖ ਦਾ ਪਹੁੰਚਨਾ ਅਸੰਭਵ ਹੈ। ਇਸ ਪ੍ਰਕਾਰ ਤੀਰਥੰਕਰ ਪਰੰਪਰਾ ਅਨਾਦਿ ਅਤੇ ਅਖੰਡ ਹੈ। ਸੰਸਾਰ ਵਿਚ ਘਟੋ ਘਟ 4 ਅਤੇ ਵੱਧ ਤੋਂ ਵੱਧ 170 ਤੀਰਥੰਕਰ ਜਨਮ ਲੈ ਸਕਦੇ ਹਨ। ਤੀਰਥੰਕਰ ਧਰਮ ਰੂਪੀ

ਸਾਧੂ, ਸਾਧਵੀ, ਸ੍ਰਾਵਕ ਅਤੇ ਸ੍ਰਾਵਿਕਾ ਤੀਰਥ ਦੀ ਨੀਂਹ ਰਖਣ ਕਾਰਣ ਤੀਰਥੰਕਰ ਅਖਵਾਉਂਦੇ ਹਨ। ਸਾਰੀ ਸ੍ਰਿਸ਼ਟੀ ਵਿਚ ਢਾਈ ਦੀਪ ਮਨੁੱਖਾਂ ਦੀ ਆਬਾਦੀ ਹੈ। ਦੀਪ ਇਹ ਹਨ-1) ਜੰਬੂ ਦੀਪ 2) ਧਾਤਕੀ ਖੰਡ 3) ਅੱਧ ਪੁਖਰਾਜ 4) ਮਹਾਵਿਦੇਹ ਖੇਤਰ ਹਨ। ਹਰ ਮਹਾਵਿਦੇਹ ਵਿਚ 4-4 ਤੀਰਥੰਕਰ ਘੁੰਮ ਰਹੇ ਹਨ।

## ਤੀਰਥੰਕਰ ਤੇ ਅਰਿਹੰਤ :-

ਅਰਿਹੰਤ ਤੋਂ ਭਾਵ ਹੈ, ਇੰਦਰੀਆਂ ਦੇ ਦੁਸ਼ਮਨਾਂ ਦਾ ਜੇਤੂ ਜਿੰਨ। ਜਿਵੇਂ ਤੀਰਥੰਕਰ ਜਨਮ ਤੇ ਪਿਛਲੇ ਤੱਪ ਪ੍ਰਭਾਵ ਕਾਰਣ ਜਨਮ ਤੋਂ ਹੀ ਮਹਾਨ ਹੁੰਦੇ ਹਨ ਅਤੇ ਉਨਾਂ ਦੀ ਸੰਖਿਆ ਨਿਸ਼ਚਿਤ ਹੁੰਦੀ ਹੈ। ਸਾਰੇ ਤੀਰਥੰਕਰ ਅਰਿਹੰਤ ਹੁੰਦੇ ਹਨ, ਪਰ ਸਾਰੇ ਅਰਿਹੰਤ ਤੀਰਥੰਕਰ ਨਹੀਂ ਹੁੰਦੇ। ਤੀਰਥੰਕਰ ਦਾ ਜਨਮ ਤੋਂ ਲੈ ਕੇ ਅੰਤ ਸਮੇਂ ਤਕ ਨਿਰਵਾਨ ਨਿਸ਼ਚਿਤ ਹੁੰਦਾ ਹੈ, ਪਰ ਅਰਿਹੰਤ ਸਧਾਰਣ ਮਨੁੱਖ ਹੁੰਦੇ ਹਨ, ਜੋ ਤੀਰਥੰਕਰ ਜਾਂ ਕਿਸੇ ਧਰਮ ਗੁਰੂ ਤੋਂ ਸੱਚਾ ਗਿਆਨ ਪ੍ਰਾਪਤ ਕਰਕੇ ਇਹ ਅਵਸਥਾ ਪ੍ਰਾਪਤ ਕਰਦੇ ਹਨ। ਇਨ੍ਹਾਂ ਨੂੰ ਜੈਨ ਪਰਿਭਾਸ਼ਾਂ ਵਿਚ ਸਮਾਨਯ ਕੇਵਲੀ ਆਖਿਆ ਜਾਂਦਾ ਹੈ। ਗਿਆਨ ਪਖੋਂ ਤੀਰਥੰਕਰ ਦੇ ਬਰਾਬਰ ਹੁੰਦੇ ਹਨ। ਅਤੇ ਅੰਤ ਸਮੇਂ ਹਰ ਅਰਿਹੰਤ ਦਾ ਮੋਕਸ਼ ਨਿਸਚੇ ਹੈ।

## ਅਸ਼ਟ ਪ੍ਰਤਿਹਾਰਏ :-

ਪੂਜੱਤਾ ਪ੍ਰਗਟ ਕਰਨ ਵਾਲੀ ਸਾਮਗਰੀ ਜੋ ਹਰ ਸਮੇਂ ਨਾਲ ਰਹੇ। ਉਸ ਨੂੰ ਪ੍ਰਤਿਹਾਰੇ (ਪਹਿਰੇਦਾਰ) ਬੋਲਦੇ ਹਨ ਇਹ ਅੱਠ ਪ੍ਰਤਿਹਾਰੇ ਤੀਰਥੰਕਰ ਅਰਿਹੰਤ ਨੂੰ ਕੇਵਲ ਗਿਆਨ ਬਾਅਦ ਤੋਂ ਬਾਅਦ ਪ੍ਰਾਪਤ ਹੁੰਦੇ ਹਨ।

(1)ਅਸ਼ੋਕ ਬ੍ਰਿਖ (2)ਸੁਰ ਪੁਸ਼ਪ ਵਰਿਸ਼ਟੀ (ਦੇਵਤਿਆ ਰਾਹੀ ਫੁੱਲਾਂ ਦੀ ਵਰਖਾ) (3) ਦਿਵਯਧੱਵਨੀ(ਤੀਰਥੰਕਰ ਦੇ ਸਮੋਂ ਸਰਨ ਵਿਚ ਬੈਠ ਦੇਵੀ, ਦੇਵਤੇ ,ਮਨੁੱਖ, ਇਸਤਰੀ ਪਸ਼ੂ ਇਸ ਦੇ ਪ੍ਰਭਾਵ ਨਾਲ ਤੀਰਥੰਕਰ ਦੀ ਬਾਣੀ ਅਪਣੀ 2 ਭਾਸ਼ਾ ਵਿਚ ਸਮਝਦੇ ਹਨ। (4) ਚਾਮਰ (ਚੌਰ) (5) ਸਿੰਘਾਸਨ (6) ਭਾਮ ਮੰਡਲ (ਤੀਰਥੰਕਰ ਦੇ ਪੀਛੇ ਪ੍ਰਕਾਸ਼ਮਾਨ ਤੇਜ ਮੰਡਲ ਹੁੰਦਾ ਹੈ ਜੋ ਦਸ ਦਿਸ਼ਾਵਾਂ ਨੂੰ ਪ੍ਰਕਾਸਿਤ ਕਰਦਾ ਹੈ)। (7)ਦੇਵ ਦੁੰਧਭੀ (ਦੇਵਤੇ ਰਾਹੀਂ ਸਾਜ ਬਜਾਉਣਾ)(8) ਤਿੰਨ ਛੱਤਰ (ਤਿੰਨ ਛੱਤਰ ਤੀਰਥੰਕਰਾਂ ਦੇ ਸਿਰਦੇ ਝੁਲਦੇ ਹਨ)

ਸਧਾਰਣ ਅਰਿਹੰਤ ਨੂੰ ਅਸੀ ਇਨ੍ਹਾਂ ਬਾਹਰਲੀਆ ਵਸਤਾ ਕਾਰਣ ਵੀ ਤੀਰਥੰਕਰ ਨਹੀਂ ਆਖ ਸਕਦੇ।

ਤੀਰਥੰਕਰ ਭਗਵਾਨ ਦੇ 12 ਪ੍ਰਮੁਖ ਗੁਣ ਇਸ ਪ੍ਰਕਾਰ ਹਨ।

(1)ਅਨੰਤ ਗਿਆਨ (2)ਅਨੰਤ ਦਰਸਨ (3) ਅਨੰਤ ਚਾਰਿਤਰ (4)ਅਨੰਤਤੱਪ (5)ਅਨੰਤ ਬਲ ਬੀਰਜ (ਆਤਮਿਕ ਸ਼ਕਤੀ) (6) ਅਨੰਤ ਸਾਯਿਕ ਸਮਿਕਤਵ (ਨਾਂ ਖਤਮ ਹੋਣ ਵਾਲਾ ਧਰਮ ਪ੍ਰਤਿ ਸਮਿਅਕ) (7) ਵੱਜਰ ਰਿਸਵ ਨਰਾਂਚ ਸੰਹਨੰਨ (8) ਸਮਚਤੁਰ ਸੰਸਥਾਨ (9) ਚੋਤੀਸ ਅਤਿਸ਼ੇ (10) 35 ਬਾਣੀ ਦੇ ਗੁਣ (11) ਇਕ ਹਜਾਰ ਅੱਠ ਲੱਛਣ (12) 64 ਇੰਦਰਾਂ ਰਾਹੀਂ ਪੂਜਿਤ।

## 18 ਦੋਸ਼ਾਂ ਤੋ ਮੁਕਤ ਅਰਿਹੰਤ :-

ਅਰਿਹੰਤ ਤੀਰਥੰਕਰ 18 ਦੋਸ਼ਾਂ ਤੋਂ ਰਹਿਤ ਹੁੰਦੇ ਹਨ।

(1) ਮਿਥਿਆਤਵ (2) ਅਗਿਆਨ (3) ਮਦ (ਹੰਕਾਰ) (4) ਕਰੋਧ (5) ਮਾਇਆ (6) ਲੋਭ (7) ਰਤਿ ਵਸਤੂ (8) ਅਰਤਿ (ਨਾਇੱਛ ਦਾ ਦੁਖ) (9) ਨੀਂਦ (10) ਸੋਕ (11)ਅਲੌਕਿਪ੍ਰਾਪਤ ਪ੍ਰਤਿ ਖੁਸ਼ੀ, ਮਾੜੀ ਵਸਤੂ ਪ੍ਰਾਪਤ ਪ੍ਰਤਿ ਦੁਖ (12) ਚੋਰੀ (13) ਮਤਸਰਤਾ (14) ਭੈ 15 ਹਿਸਾ 16 ਸੰਸਾਰਿਕ ਵਸਤਾ ਪ੍ਰਤਿ ਪ੍ਰੇਮ 17 ਕ੍ਰੀੜਾ ਖੇਲ 18 ਹਾਸ਼ਾ ਮਜ਼ਾਕ।

### ਤੀਰਥੰਕਰ ਸੰਬਧੀ ਵੀਹ ਸਥਾਨਕ ਗੁਣ

ਹਰ ਆਦਮੀ ਤੀਰਥੰਕਰ ਨਹੀ ਬਣ ਸਕਦਾ, ਜੋ ਪਿਛਲੇ ਜਨਮ ਵਿਚ ਇਨਾਂ 20 ਬੋਲਾ ਦੀ ਸਮਿਅਕ ਅਰਾਧਨਾ ਭਗਤੀ ਕਰਦਾ ਹੈ ਉਹ ਹੀ ਤੀਰਥੰਕਰ ਪਦ ਦੀ ਪ੍ਰਾਪਤੀ ਕਰਦਾ ਹੈ

(1) ਅਰਿਹੰਤ ਭਗਤੀ (2) ਸਿਧ ਭਗਤੀ 3 ਪ੍ਰਵਚਨ ਭਗਤੀ 4 ਗੁਰੂ ਭਗਤੀ 5 ਸਥਵਿਰ ਬੁੜੇ ਸਾਧੂ ਤੇ ਬਜ਼ੁਰਗਾਂ ਦੀ ਸੇਵਾ ਭਗਤੀ 6 ਬਹੁਸ਼ਰਤ ਗਿਆਨ ਦੀ ਭਗਤੀ 7 ਤੱਪਸਵੀ ਭਗਤੀ (8) ਅਭਿਕਸ਼ਨ ਗਿਆਨ ਉਪਯੋਗ (ਤੱਤਵ ਗਿਆਨ ਨੂੰ ਦੁਹਾਰਨਾ) (9) ਦਰਸ਼ਨ ਸੁਧੀ (ਸਮਿਅਕ ਦਰਸਨ ਦਾ ਪਾਲਨ ਕਰਕੇ ਮਿਥਿਆਤਵ ਨੂੰ ਛੱਡ ਕੇ ਅਰਿਹੰਤਾਂ ਦੇ ਉਪਦੇਸ਼ਾਂ ਤੇ ਚਲਨਾਂ (10) ਵਿਨੈ ਸਪੰਨਤਾ (11) ਆਵਸਕ ਕ੍ਰਿਆ (12) ਸ਼ੀਲ ਵਰਤ ਦਾ ਪਾਲਨ (13) ਭਸ਼ਣ ਲਵ (ਸੰਸਾਰ ਦੇ ਜਨਮ ਮਰਨ ਦਾ ਕਾਰਣ ਪ੍ਰਤਿ ਹਰ ਸਮੇ ਤਿਆਗਨ ਨੂੰ ਤਿਆਰ ਰਹਿਨਾ) (14) ਯਥਾਸ਼ ਤੀ ਤਪ ਕਰਨਾ (15) ਯਥ ਸ਼ਕਤੀ ਤਿਆਗ (16) ਵੇਯਾ ਵਰਯਕਰਨ (ਧਰਮੀ ਪੁਰਸ ਦੀ ਸ਼ਤੀਰਕ ਸੇਵਾ) (17)

(1) ਭੈ ਸਤ ਪ੍ਰਕਾਰ ਦਾ ਹੈ : [1] ਇਹ ਲੋਕ ਭੈ [2] ਪਰਲੋਕ ਭੈ [3] ਆਦਾਨ ਭੈਅ[4] ਅਕਸਮਾਤ [ਅਚਾਨਕ] ਭੇ [5] ਅਜਿਵਿਕਾ [ਗੁਜ਼ਾਰਾ] ਭੈ [6] ਅਪਯਸ [ਬੇਇਜਤੀ] ਦਾ ਭੈ।

6, ਆਵਸ਼ਕ

[1] ਸਾਮਾਇਕ। [2[ ਚਤੁਰ ਵਿਸਤਿਸ਼ਤਤ [24] ਤੀਰਥੰਕਰਾਂ ਦੀ ਪੂਜਾ ਭਗਤੀ][3] ਬੰਦਨਾ [4] ਪ੍ਰਤਿਕ੍ਰਮਨ [ਦੋਸ਼ਾਂ ਨੂੰ ਸਿਲਸਲੇ ਵਾਰ ਚਿੰਤਨ ਕਰਕੇ ਖਿਮਾ ਮੰਗਨਾ]। [5] ਕਾਯੋਤਸ਼ਰਗ [ਸ਼ਰੀਰ ਦੀ ਮਮਤਾ ਤਿਆਗ ਕੇ ਸਮਾਧੀ ਜਾ ਧਿਆਨ ਲਾਉਣਾ] [6] ਪਛਖਾਣ [ਸਕਤੀ ਅਨੁਸਾਰ ਖਾਣ, ਪੀਣ ਪਹਿਨਣ ਵਾਲੀਆਂ ਵਸਤਾਂ ਤੇ ਦਾ ਤਿਆਗ]

[3] ਸੀਲਵਰਤ ਤੋਂ ਭਾਵ ਉਪਾਸਕ [ਸ਼ਾਵਕ] ਦੇ 12 ਵਰਤ ਹੈ : [1] ਅਚਾਰਿਆ ਉਪਾਧਿਆ, ਤਪਸਵੀ, ਨਵਾਂ ਸਾਧੂ, ਬੀਮਾਰ 20 ਸਾਲ ਪੁਰਾਣਾ ਸਥਵਿਰ ਸਾਧੂ ਗੁਣ, ਕੁਲ, ਸੰਘ ਸਹ ਧਰਮੀ ਦੀ ਹਰ ਪ੍ਰਕਾਰ ਦੀ ਸੇਵਾ ਹੀ ਵੈਯਾਵਰਿਤ ਧਰਮ ਹੈ।

ਸਮਾਧੀ [81] ਅਪੂਰਵ ਗਿਆਨ [ਨਵਾਂ ਗਿਆਨ ਸਿਖਣ ਲਈ ਤਿਆਰ ਰਹਿਣਾ] [19] ਸ਼ਰੁਤ ਭਗਤੀ [20] ਪ੍ਰਭਾਵਨਾ [ਜੈਨ ਧਰਮ ਦਾ ਪ੍ਰਚਾਰ ਹਰ ਸਮੇਂ ਹਰ ਸਥਾਨ ਨਾਲ ਕਰਨਾ]। ਇਨ੍ਹਾਂ 20 ਬੋਲਾਂ ਦੀ ਆਰਾਧਨਾਂ ਤੀਰਤੰਕਰ ਨਾਮ ਕਰਮ ਗੋਤਰ ਦਾ ਕਰਣ ਹੈ। ਭਾਵ ਹਰ ਤੀਰਥੰਕਰ ਪਿਛਲੇ ਜਨਮ ਵਿਚ ਕਿਸੇ ਨਾ ਕਿਸੇ ਤੀਰਥੰਕਰ ਦੀ ਅਧਾਰਨਾ ਕਰਦਾ ਹੈ।

ਅਰਿਹੰਤ ਭਗਵਾਨ 8 ਕਰਮਾਂ ਵਿਚੋਂ 4 ਕਰਮ ਕੇਵਲ ਗਿਆਨ ਸਮੇਂ ਖਤਮ ਕਰ ਦਿੰਦੇ ਹਨ ਉਨ੍ਹਾਂ ਨੂੰ ਘ ਤੀ ਕਰਮ ਕਿਹਾ ਗਿਆ ਹੈ ਉਹ ਇਸ ਪ੍ਰਕਾਰ ਹਨ [1] ਗਿਆਨ ਵਰਨੀਆ [2] ਦਰਸ਼ਾਵਰਨੀਆ [3] ਮੋਹਨੀਆ [4] ਅੰਤ ਰਾਏ[ਰੁਕਾਵਟ ਦਾ ਕਾਰਣ ਕਰਮ]।

4 ਕਰਮਾਂ ਦਾ ਭੋਗ ਉਹ ਨਿਰਵਾਨ ਅਵਸਥਾ ਤੱਕ ਭੋਗਦੇ ਹਨ। ਅਰਿਹੰਤ ਅਵਸਥਾ [4] ਅਘਾਤੀ ਕਰਮਾਂ ਦਾ ਬੰਧ ਹੈ ਉਹ ਤੀਰਥੰਕਰ ਨੂੰ ਭੋਗਨਾ ਪੈਂਦਾ ਹੈ ਉਹ ਕਰਮ ਹਨ [1] ਵੇਦਨੀਆ [2] ਆਯੁਸ਼ [3] ਨਾਮ [4] ਗੋਤਰ ਇਹ ਕਰਮਾਂ ਦਾ ਭੋਗ ਇਸੇ ਜਨਮ ਵਿਚ ਪੂਰਾ ਹੋ ਜਾਂਦਾ ਹੈ

ਤੀਰਥੰਕਰਾਂ ਦੀ ਮਾਤਾ ਦੇ 14 ਸੁਪਨੇ

ਜਿਵੇਂ ਪਹਿਲਾ ਦਸਿਆ ਜਾ ਚੁਕਿਆ ਹੈ ਕਿ ਤੀਰਥੰਕਰ ਅਰਿਹੰਤਾ ਦੀ ਮਾਤਾ ਹੀ 14 ਸੁਪਨੇ ਵੇਖਦੀ ਹੈ ਆਮ ਅਰਿਹੰਤ ਦੀ ਨਹੀਂ।

ਤੀਰਥੰਕਰ 15 ਕਰਮ ਭੂਮੀਆਂ ਵਿਚ ਕਿਸੇ ਵੀ ਭੂਮੀ ਵਿਚ ਪੈਦਾ ਹੁੰਦੇ ਹਨ ਇਹ ਸੁਪਨੇ ਹਨ।

[1] ਹਾਥੀ [2] ਬੱਲਦ[3] ਸ਼ੇਰ [4] ਲੱਛਮੀ [5] ਪੁਸ਼ਪ ਮਾਲਾ ਦਾ ਜੋੜਾ [6] ਚੰਦਰਮਾ [7] ਸੂਰਜ [8] ਇੰਦਰ ਧੱਵਜਾ [9] ਪੂਰਨਕਲਸ਼ [10] ਪਦਮ [ਕਮੱਲ ਸਰੋਵਰ] [11] ਖੀਰ ਸਾਗਰ [12] ਦੇਵ ਵਿਮਾਨ [13] ਰਤਨਾ ਦਾ ਢੇਰ [14] ਧੂਏ ਰਹਿਤ ਅੱਗ।

ਤੀਰਥੰਕਰ ਦੇ ਜਨਮ ਸਮੇਂ ਇਕ ਵਿਸੇਸ ਸ਼ਰੀਰਕ ਚਿਨ੍ਹ ਅਤੇ ਛਾਤੀ ਉਪਰ ਸ੍ਰੀ ਵਤਸ ਦਾ ਚਿਨ੍ਹ ਹੁੰਦਾ ਹੈ। ਤੀਰਥੰਕਰ ਦੇ ਧਰਮ ਸੰਘ ਲਈ ਇੰਦਰ ਰਾਹੀਂ ਨਿਉਕਤ ਯਕਸ ਨੂੰ ਸਾਸਨ ਦੇਵ ਅਤੇ ਯਕਸਨੀ ਸਾਸਨ ਦੇਵੀ ਆਖਦੇ ਹਨ। ਇਹ ਤੀਰਥੰਕਰ ਦੇ ਧਰਮ ਸੰਘ ਦੀ ਭਗਤੀ ਤੇ ਰਾਖੀ ਕਰਦੇ ਹਨ। ਤੀਰਥੰਕਰਾਂ ਦੀਆਂ ਮੂਰਤੀਆਂ ਨਾਲ 8 ਪ੍ਰਤਿਹਾਰੇ ਤੋਂ ਛੁੱਟ ਤੀਰਥੰਕਰ ਦੇ ਸਰੀਰਕ ਚਿਨ੍ਹ, ਸਾਸਨ ਦੇਵ ਅਤੇ ਸਾਸਨ ਦੇਵੀ ਦੀਆਂ ਮੂਰਤੀਆਂ ਵੀ ਉਸਾਰੀਆਂ ਜਾਂਦੀਆਂ ਹਨ।

ਸਾਰੇ ਤੀਰਥੰਕਰ ਕੇਵਲ ਗਿਆਨ ਤੋਂ ਬਾਅਦ ਸਾਧੂ, ਸਾਧਵੀ, ਸ੍ਰਾਵਕ ਤੇ ਸ੍ਰਾਵਕਿਆ ਰੂਪੀ ਧਰਮ ਤੀਰਥ ਦੀ ਸਥਾਪਨਾ ਕਰਦੇ ਹਨ। ਤੀਰਥੰਕਰ ਸਾਧੂ ਨੂੰ ਅਹਿੰਸਾ, ਸਤ, ਚੋਰੀ ਨਾ ਕਰਨਾ ਜਰੂਰਤ ਤੋਂ ਵੱਧ ਸੰਗ੍ਰਹਿਨਾਂ ਕਰਨਾ, ਬ੍ਰਹਮਚਰਜ ਰੂਪੀ 5 ਮਹਾਵਰਤ ਅਤੇ ਗ੍ਰਹਿਸਥ ਸ੍ਰਾਵਕ ਵਰਗ ਨੂੰ 5 ਅਣੂਵਰਤਾਂ ਦਾ ਉਪਦੇਸ ਦਿੰਦੇ ਹਨ। ਤੀਰਥੰਕਰਾਂ ਦੇ ਗਨਧਰ ਉਨ੍ਹਾਂ ਦੀ ਬਾਣੀ ਨੂੰ ਅੰਗ ਉਪਾਂਗ ਵਿਚ ਦਰਜ ਕਰਦੇ ਹਨ। ਤੀਰਥੰਕਰ ਜੀਵ, ਅਜੀਵ ਰੂਪੀ ਤੱਤਵਾਂ ਦੇ ਉਪਦੇਸ ਰਾਹੀਂ ਜੜ ਨੌਂ ਤੱਤਵ ਆਤਮ, ਸਿਸਟੀ, ਪ੍ਰਮਾਤਮਾ ਬਾਰੇ ਗਿਆਨ ਦਿੰਦੇ ਹਨ।

ਤੀਰਥੰਕਰ ਦੇ 34 ਅਤਿਸ਼ੇ [ਖਾਸ ਵਿਸ਼ੇਸ਼ਤਾਵਾਂ]

1. ਸਰੀਰ ਦੇ ਬਾਲ ਨਹੀਂ ਵਧਦੇ ਅਤੇ ਜਿੰਨੇ ਵਧਦੇ ਵੀ ਹਨ ਉਹ ਸੋਹਣੇ ਲਗਦੇ ਹਨ।
2. ਸ਼ਰੀਰ ਤੇ ਮਿੱਟੀ, ਮੈਲ ਨਹੀਂ ਜੰਮਦੀ।
3, ਖੂਨ ਅਤੇ ਮਾਸ ਗਊ ਦਾ ਦੁੱਧ ਵਾਂਗ ਸਫੇਦ ਤੇ ਮਿੱਠਾ ਹੁੰਦਾ ਹੈ।
4. ਸਾਹਾਂ ਵਿਚ ਖੁਸ਼ਬੂ ਹੁੰਦੀ ਹੈ।
5, ਆਮ ਮਨੁੱਖ ਉਨ੍ਹਾਂ ਨੂੰ ਭੋਜਨ ਕਰਦੇ ਨਹੀਂ ਵੇਖ ਸਕਦਾ। ਪਰ ਅਵਧੀ ਗਿਆਨੀ ਵੇਖ ਸਕਦਾ ਹੈ ਦਿਗਵੰਰ ਫਿਰਕੇ ਵਾਲੇ ਅਰਿਹੰਤ ਅਵਸਥਾ ਵਿਚ ਭੋਜਨ ਨਹੀਂ ਮੰਨਦੇ।

6. ਤੀਰਥੰਕਰ ਅਰਿਹੰਤ ਜਦ ਚਲਦੇ ਹਨ ਉਨ੍ਹਾਂ ਅੱਗੇ ਇਕ ਧਰਮ ਚੱਕਰ ਚਲਦਾ ਹੈ, ਜਿਥੇ ਭਗਵਾਨ ਠਹਿਰਦੇ ਹਨ ਧਰਮ ਚੱਕਰ ਵੀ ਠਹਿਰ ਜਾਂਦਾ ਹੈ।

7. ਤੀਰਥੰਕਰ ਦੇ ਸਿਰ ਤੇ ਤਿੰਨ ਛਤ ਆਕਾਸ਼ ਤੋਂ ਹੀ ਵਿਖਾਈ ਦਿੰਦੇ ਹਨ। ਸਾਰੇ ਛੱਤਰ ਮੋਤੀਆਂ ਦੀ ਝਾਲਰ ਵਾਲੇ ਹੁੰਦੇ ਹਨ।

8. ਗਊ ਦੇ ਦੁਧ ਦੀ ਤਰਾਂ ਅਤੇ ਕਮਲ ਦੇ ਫੁੱਲਾਂ ਦੀ ਤਰਾਂ ਉਜਲ ਝਾਲਰ ਦੇਵਤਿਆਂ ਝੁਲਾਏ ਜਾਂਦੇ ਹਨ। ਉਨ੍ਹਾਂ ਦੀ ਡੰਡੀ ਰਤਨਾਂ ਦੀ ਬਣੀ ਹੁੰਦੀ ਹੈ।

9. ਅਰਿਹੰਤ ਤੀਰਥੰਕਰ ਜਿਥੇ ਵਿਰਾਜਦੇ ਹਨ ਉਥੇ ਸਫਟੀਕ ਮਣੀ ਦੀ ਤਰਾਂ ਨਿਰਮਲ, ਰਤਨਾਂ ਨਾਲ ਜੜਿਆ, ਪਾਦ ਪੀਠੀਕਾ ਵਾਲਾ ਸਿੰਘਾਸਣ ਹੁੰਦਾ ਹੈ।

10. ਬਹੁਤ ਸੁੰਦਰ ਰਤਨ ਜੜਤ, ਘੰਟੀਆਂ ਵਾਲੀ ਅਤੇ ਅਨੇਕਾਂ ਛੋਟੇ ਬੜੇ ਝੰਡਿਆਂ ਵਾਲੀ ਇੰਦਰ ਧਵੱਜਾ ਭਗਵਾਨ ਦੇ ਅੱਗੇ ਚਲਦੀ ਹੈ।

11. ਅਨੇਕਾਂ ਫੁੱਲਾਂ, ਫਲਾਂ ਨਾਲ ਭਰਪੂਰ ਅਸ਼ੋਕ ਦਰਖਤ ਭਗਵਾਨ ਦੇ ਸਰੀਰ ਨੂੰ ਆਪਣੀ ਛਾਂ ਨਾਲ ਢਕਦਾ ਹੈ।

12. ਸਰਦੀ ਵਿਚ ਸੂਰਜ 12 ਗੁਣਾ ਗਰਮੀ ਨਾਲ ਚਮਕਦਾ ਭਗਵਾਨ ਦੇ ਪਿਛੇ ਵਿਖਾਈ ਦਿੰਦਾ ਹੈ

13. ਜਿਥੇ ਭਗਵਾਨ ਵਿਰਾਜਦੇ ਹਨ ਉਹ ਭੂਮੀ ਟੋਏ ਟਿੱਬਿਆਂ ਤੋਂ ਰਹਿਤ ਹੋ ਜਾਂਦੀ ਹੈ।

14. ਭਗਵਾਨ ਦੇ ਪੁੰਨ ਪ੍ਰਤਾਪ ਨਾਲ ਕੰਡੇ ਪੁਠੇ ਹੋ ਜਾਂਦੇ ਹਨ ਅਰਥਾਤ ਉਹ ਆਪਣੇ ਤਿੱਖੇ ਮੂੰਹ ਹੇਠਾਂ ਨੂੰ ਕਰ ਲੈਂਦੇ ਹਨ।

15. ਭਗਵਾਨ ਦੀ ਕ੍ਰਿਪਾ ਨਾਲ ਸਰਦੀ ਵਿਚ ਮੌਸਮ ਗਰਮ ਅਤੇ ਗਰਮੀ ਵਿਚ ਠੰਡਾਂ ਤੇ ਸੁਹਾਵਨਾ ਹੋ ਜਾਂਦਾ ਹੈ।

16. ਜਿਥੇ ਜਿਥੇ ਭਗਵਾਨ ਘੁੰਮਦੇ ਹਨ ਉਥੋਂ ਚਹੁ ਪਾਸੇ ਯੋਜਨ ਤਕ ਗੰਦੇ ਪਦਾਰਥ ਆਪਣੇ ਆਪ ਦੂਰ ਹੋ ਜਾਂਦੇ ਹਨ ਅਤੇ ਖੁਸ਼ਬੂਦਾਰ ਠੰਡੀ ਹਵਾ ਚਲਦੀ ਹੈ।

17. ਤੀਰਥੰਕਰ ਦੇ ਚਾਰੇ ਪਾਸੇ ਇਕ ਯੋਜਨ ਸੁਗੰਧਤ ਪਾਣੀ ਦੀ ਵਰਖਾ ਹੁੰਦੀ ਹੈ ਜਿਸ ਨਾਲ ਧੂੜ ਦਬ ਜਾਂਦੀ ਹੈ।

18. ਤੀਰਥੰਕਰ ਦੇਵਤਾਂਵਾਂ ਰਾਹੀਂ ਪੰਜ ਪ੍ਰਕਾਰ ਦੇ ਫੁਲਾਂ ਦੀ ਵਰਖਾ ਨਾਲ ਸ਼ੋਭਾ ਪਾਉਂਦੇ ਹਨ। ਇਨ੍ਹਾਂ ਫੁਲਾਂ ਦੀਆਂ ਡੰਡੀਆਂ ਹੇਠਾ ਨੂੰ ਅਤੇ ਮੂੰਹ ਉਪਰ ਨੂੰ ਹੁੰਦੇ ਹਨ।

19. ਤੀਰਥੰਕਰ ਜਿਥੇ ਵਿਰਾਜਦੇ ਹਨ ਉਥੇ ਅਸ਼ੁਭ, ਭੈੜਾ, ਰੰਗ, ਰਸ ਵਰਨ ਖਤਮ ਹੋ ਜਾਂਦੇ।

20. ਉਸ ਥਾਂ ਤੇ ਚੰਗੇ ਰੰਗ, ਰਸ, ਵਰਨ, ਸਪਰਸ਼ ਪੈਦਾ ਹੁੰਦੇ ਹਨ।

21. ਤੀਰਥੰਕਰ ਦਾ ਉਪਦੇਸ ਚੰਹੁ ਪਾਸੇ ਇਕ ਯੋਜਨ ਤਕ ਸੁਣਿਆ ਜਾ ਸਕਦਾ ਹੈ।

22. ਤੀਰਥੰਕਰ ਅਰਧ ਮਗਧੀ ਭਾਸ਼ਾ ਵਿਚ ਉਪਦੇਸ ਕਰਦੇ ਹਨ।

23 ਇਹ ਉਪਦੇਸ਼, ਮਨੁੱਖ, ਪਸ਼ੂ ਅਤੇ ਦੇਵਤੇ ਆਪਣੀ ਆਪਣੀ ਭਾਸ਼ਾ ਵਿਚ ਆਸਾਨੀ ਨਾਲ ਸਮਝ ਸਕਦੇ ਹਨ।

24 ਤੀਰਥੰਕਰ ਦੇ ਦਰਬਾਰ ਵਿਚ ਮਨੁੱਖ, ਪਸ਼ੂ ਅਤੇ ਦੇਵਤੇ ਆਪਣੇ ਕੁਦਰਤੀ ਵੈਰ ਨੂੰ ਭੁਲ ਜਾਂਦੇ ਹਨ। ਬਿੱਲੀ, ਕੁੱਤਾ, ਸ਼ੇਰ, ਬਕਰੀ, ਚੂਹਾ, ਸੱਪ, ਨਿਉਲਾ ਪ੍ਰੇਮ ਨਾਲ ਬੈਠ ਕੇ ਸਭ ਰੁਚੀ ਨਾਲ ਸੁਣਦੇ ਹਨ।

25 ਤੀਰਥੰਕਰ ਦੇ ਦਰਬਾਰ ਵਿਚ ਹੋਰ ਮਤਾਂ ਵਾਲੇ ਅਸਮਰਥ ਹੋ ਜਾਂਦੇ ਹਨ ਉਨ੍ਹਾਂ ਦੀ ਤਰਕ ਬੁਧੀ ਨਸਟ ਹੋ ਜਾਂਦੀ ਹੈ ।

26 ਤੀਰਥੰਕਰ ਦੇ ਦਰਬਾਰ ਵਿਚ ਦੂਸਰੇ ਮੱਤਾਂ ਦੇ ਪਾਖੰਡੀ ਆਪਣਾ ਹੰਕਾਰ ਛੱਡ ਦਿੰਦੇ ਹਨ ।

27 ਚੰਹੁ ਪਾਸੇ 25 ਯੋਜਨ ਤਕ ਟਿਡੀਆਂ ਆਦਿ ਰਾਂਹੀ ਖੇਤਾਂ ਨੂੰ ਨੁਕਸਾਨ ਨਹੀਂ ਪਹੁੰਚਦਾ ।

28 ਮਹਾਮਾਰੀ ਨਹੀਂ ਫੈਲਦੀ ।

29 ਰਾਜਾ ਅਤੇ ਸੈਨਾ ਵਿਚ ਵਿਦਰੋਹ ਨਹੀਂ ਹੁੰਦਾ ।

30 ਨਾਲ ਲਗਦੇ ਦੇਸ ਵਿਚ ਵੀ ਅਜਿਹੀ ਘਟਨਾ ਨਹੀਂ ਵਾਪਰਦੀ।

31 ਜਿਆਦਾ ਬਾਰਸ਼ ਨਹੀਂ ਹੁੰਦੀ।

32 ਇੰਨੀ ਘੱਟ ਬਾਰਸ਼ ਵੀ ਨਹੀਂ ਪੈਂਦੀ ਕਿ ਅਕਾਲ ਪੈ ਜਾਵੇ ।

33 ਅਕਾਲ ਨਹੀਂ ਪੈਂਦਾ ।

34 ਜਿਥੇ ਭਗਵਾਨ ਪਧਾਰ ਜਾਂਦੇ ਹਨ । ਉਥੇ ਮਹਾਮਾਰੀ ਧਰਮ ਚੱਕਰ ਦੇ ਕਾਰਨ ਹੀ ਸ਼ਾਂਤ ਹੋ ਜਾਂਦੀ ਹੈ ।

ਤੀਰਥੰਕਰਾਂ ਭਾਸ਼ਾ ਦੇ 35 ਗੁਣ ਇਸ ਪ੍ਰਕਾਰ ਹਨ :-

1 ਸੰਸਕਾਰਾਂ ਵਾਲਾ ਉਪਦੇਸ ਹੁੰਦਾ ਹੈ।

2 ਇਕ ਇਕ ਯੋਜਨ ਤਕ ਸੁਣਾਈ ਦਿੰਦੀ ਹੈ ।

3 ਇਸ ਵਿਚ ਉਏ, ਤੂੰ ਜਿਹੇ ਸਬਦ ਨਹੀਂ ਵਰਤੇ ਜਾਂਦੇ ।

4 ਉਨ੍ਹਾਂ ਦਾ ਉਪਦੇਸ ਬਦਲਾਂ ਦੀ ਗਰਜ ਦੀ ਤਰਾਂ ਗੰਭੀਰ ਹੁੰਦੀ ਹੈ ।

5 ਉਨ੍ਹਾਂ ਦਾ ਉਪਦੇਸ਼ ਇਸ ਪ੍ਰਕਾਰ ਗੂੰਜਦਾ ਹੈ ਜਿਵੇਂ ਗੁਫਾ ਜਾਂ ਮਹਿਲਾਂ ਵਿਚ ਆਵਾਜ ।

6 ਉਨ੍ਹਾਂ ਦੇ ਵਚਨ ਘੀ ਦੀ ਤਰਾਂ ਚਿਕਨੇ ਅਤੇ ਸ਼ਹਿਦ ਦੀ ਤਰ੍ਹਾਂ ਮਿੱਠੇ ਹੁੰਦੇ ਹਨ ।

7 ਉਨ੍ਹਾਂ ਦੇ ਵਚਨਾਂ ਤੋਂ 62 ਰਾਗ ਅਤੇ 30 ਰਾਗਣੀਆਂ ਪ੍ਰਗਟ ਹੁੰਦੀਆਂ ਹਨ । ਜਿਨ੍ਹਾਂ ਨੂੰ ਸੁਣ ਕੇ ਸਰੋਤੇ ਝੂਮ ਉਠਦੇ ਹਨ ।

8 ਤੀਰਥੰਕਰ ਦੀ ਬਾਣੀ ਘਟ ਸ਼ਬਦਾ ਵਾਲੀ ਤੇ ਜਿਆਦਾ ਅਰਥਾਂ ਨਾਲ ਭਰਪੂਰ ਹੁੰਦੀ ਹੈ ।

9 ਉਨਾਂ ਦਾ ਉਪਦੇਸ਼ ਵਿਚ ਕਦੀ ਅਜੇਹੀ ਗੱਲ ਨਹੀਂ ਹੁੰਦੀ ਜੋ ਇਕ ਦੂਸਰੀ ਨਾਲ ਟਕਰਾਵੇ ।

10 ਇਹ ਉਪਦੇਸ਼ ਬਿਨਾਂ ਰੁਕਾਵਟ ਤੋਂ ਚਲਦਾ ਹੈ ।

11 ਤੀਰਥੰਕਰਾਂ ਦਾ ਉਪਦੇਸ਼ ਸਪਸ਼ਟ ਤੇ ਸ਼ੱਕ ਰਹਿਤ ਹੁੰਦਾ ਹੈ ।

12 ਇਹ ਉਪਦੇਸ਼ ਦੋਸ਼ ਰਹਿੱਤ ਹੁੰਦਾ ਹੈ ।

13 ਇਸ ਉਪਦੇਸ਼ ਨੂੰ ਸਰੋਤੇ ਇਕ ਮਨ ਹੋ ਕੇ ਸੁਣਦੇ ਹਨ।

14 ਤੀਰਥੰਕਰ ਦੇਸ਼ ਦੀ ਸਥਿਤੀ ਨੂੰ ਵੇਖ ਕੇ ਉਪਦੇਸ਼ ਕਰਦੇ ਹਨ ।

15 ਤੀਰਥੰਕਰ ਅਰਥ ਭਰਪੂਰ ਗੱਲਾਂ ਕਰਦੇ ਹਨ । ਇਧਰ ਉਧਰ ਦੀਆਂ ਗੱਲਾਂ ਨਾਲ ਸਮਾਂ ਖਤਮ ਨਹੀਂ ਕਰਦੇ ।

16 ਤੀਰਥੰਕਰ ਜੀਵ ਅਜੀਵ ਆਦਿ 9 ਤੱਤਾਂ ਦਾ ਉਪਦੇਸ਼ ਸਾਰ ਭਰਪੂਰ ਸ਼ਬਦਾਂ ਵਿਚ ਕਹਿੰਦੇ ਹਨ

17 ਸੰਸਾਰਿਕ ਕੰਮਾਂ ਦਾ ਵਰਨਣ ਸੰਖੇਪ ਵਿਚ ਕਰਦੇ ਹਨ ।

18 ਤੀਰਥੰਕਰ ਦੀ ਵਾਣੀ ਨੂੰ ਬੱਚਾ ਵੀ ਸਮਝ ਸਕਦਾ ਹੈ ।

19 ਤੀਰਥੰਕਰ ਆਪਣੇ ਉਪਦੇਸ ਵਿਚ ਆਪਣੀ ਪ੍ਰਸੰਸਾ ਜਾਂ ਕਿਸੇ ਹੋਰ ਦੀ ਨਿੰਦਾ ਨਹੀਂ ਕਰਦੇ ।

20 ਤੀਰਥੰਕਰਾਂ ਦੀ ਬਾਣੀ ਦੁੱਧ ਤੇ ਮਿਸਰੀ ਦੀ ਤਰ੍ਹਾਂ ਮਿੱਠੀ ਹੁੰਦੀ ਹੈ ।

21 ਕਿਸੇ ਦੇ ਗੁਪਤ ਭੇਦ ਵੀ ਤੀਰਥੰਕਰ ਪ੍ਰਗਟ ਨਹੀਂ ਕਰਦੇ ।

22 ਤੀਰਥੰਕਰ ਕਿਸੇ ਆਦਮੀ ਦੀ ਖੁਸ਼ਾਮਦ ਨਹੀਂ ਕਰਦੇ, ਪਰ ਸੱਚੇ ਗੁਣਾਂ ਨੂੰ ਪ੍ਰਗਟ ਜ਼ਰੂਰ ਕਰਦੇ ਹਨ ।

23 ਉਨ੍ਹਾਂ ਦਾ ਉਪਦੇਸ਼ ਲੋਕ ਭਲਾਈ ਲਈ ਅਤੇ ਆਤਮਾ ਦੇ ਕਲਿਆਣ ਲਈ ਹੁੰਦਾ ਹੈ ।

24 ਉਹ ਵਚਨ ਰਾਹੀਂ ਆਤਮਾ ਨੂੰ ਛਿੱਨ ਭਿੱਨ ਨਹੀਂ ਕਰਦੇ ।

25 ਉਹ ਆਪਣੀ ਭਾਸ਼ਾ ਵਿਚ ਸ਼ੁਧ ਸ਼ਬਦਾਂ ਦੀ ਵਰਤੋਂ ਕਰਦੇ ਹਨ ।

26 ਉਹ ਨਾ ਹੀ ਜੋਰ ਨਾਲ ਬੋਲਦੇ ਹਨ ਨਾ ਹੀ ਹੌਲੀ । ਸਗੋਂ ਦਰਮਿਆਨੀ ਭਾਸ਼ਾਂ ਬੋਲਦੇ ਹਨ ।

27 ਉਨਾਂ ਦੇ ਭਾਸ਼ਨ ਨੂੰ ਸੁਣ ਕੇ ਲੋਕ ਧੰਨ ਧੰਨ ਕਹਿ ਉਠਦੇ ਹਨ ।

28 ਉਹ ਭਾਸ਼ਨ ਇਕ ਤਰੀਕੇ ਨਾਲ ਦਿੰਦੇ ਹਨ ਕਿ ਸੁਣਨ ਵਾਲਿਆ ਦੇ ਸਾਹਮਣੇ ਇਕ ਤਸਵੀਰ ਬਣ ਜਾਂਦੀ ਸੀ ।

29 ਧਰਮ ਉਪਦੇਸ਼ ਕਰਨ ਲੱਗੇ ਵਿਚਕਾਰ ਵਿਚ ਉਹ ਆਰਾਮ ਨਹੀਂ ਕਰਦੇ ।

30 ਉਨ੍ਹਾਂ ਦੇ ਭਾਸ਼ਨ ਵਿਚ ਜੋ ਵੀ ਆਉਂਦਾ ਹੈ ਉਸ ਦੇ ਸ਼ਕ ਬਿਨਾਂ ਪੁਛੇ ਦੂਰ ਹੋ ਜਾਦੇ ਹਨ ।

31 ਉਹ ਜੋ ਆਖਦੇ ਹਨ ਸੁਣਨ ਵਾਲੇ ਉਸ ਨੂੰ ਦਿਲ ਵਿਚ ਵਸਾ ਲੈਂਦੇ ਹਨ ।

32 ਤੀਰਥੰਕਰਾਂ ਦਾ ਉਪਦੇਸ਼ ਹਰ ਪੱਖੋਂ ਸਹੀ ਹੁੰਦਾ ਹੈ ਉਲਟ ਪੁਲਟ ਨਹੀਂ ਹੁੰਦਾ ।

33 ਉਨ੍ਹਾਂ ਦੇ ਵਾਕ ਪ੍ਰਭਾਵਸ਼ਾਲੀ ਤੇ ਤੇਜਸਵੀ ਹੁੰਦੇ ਹਨ ।

34 ਉਹ ਹਰ ਤੱਥ ਦਾ ਦਰਿੜਤਾ ਨਾਲ ਵਰਨਣ ਕਰਦੇ ਹਨ ।

35 ਉਹ ਉਪਦੇਸ਼ ਕਰਦੇ ਕਦੇ ਵੀ ਨਹੀਂ ਥਕਦੇ ।

# ਭਗਵਾਨ ਰਿਸ਼ਵਦੇਵ ਜੀ

ਵਰਤਮਾਨ ਕਾਲ ਵਿਚ ਜੈਨ ਧਰਮ ਦੇ ਪਹਿਲੇ ਤੀਰਥੰਕਰ ਭਗਵਾਨ ਰਿਸਵਦੇਵ ਸਨ। ਆਪ ਦਾ ਵਰਨਣ ਹਿੰਦੂ ਧਰਮ ਗ੍ਰੰਥ ਵੇਦ, ਪੁਰਾਣ ਵਿਚ ਵੀ ਮਿਲਦਾ ਹੈ। ਹਿੰਦੂ ਪੁਰਾਣਾਂ ਵਿਚ ਆਪ ਨੂੰ ਵਿਸ਼ਨੂੰ ਦਾ ਅਵਤਾਰ ਮਨਿਆ ਜਾਂਦਾ ਹੈ।

ਜੈਨ ਪ੍ਰੰਪਰਾ ਅਨੁਸਾਰ ਅ ਪ ਦਾ ਜਨਮ ਉਸ ਸਮੇਂ ਹੋਇਆ ਜਦੋਂ ਮਨੁੱਖ ਦਾ ਜੀਵਨ ਕੁਦਰਤ ਤੇ ਨਿਰਭਰ ਸੀ। ਭੋਗ ਭੂਮੀ ਸੀ, ਮਨੁੱਖ ਸਾਰੀਆਂ ਜਰੂਰਤਾਂ ਜੰਗਲਾਂ ਤੋਂ ਪੂਰੀਆਂ ਕਰਦਾ ਸੀ। ਉਸ ਸਮੇਂ ਨਾ ਕੋਈ ਰਾਜਾ ਸੀ, ਨਾ ਪਰਜਾ, ਨਾ ਦੇਸ, ਨਾ ਧਰਮ। ਲੋਕਾਂ ਦੀਆਂ ਜਰੂਰਤਾਂ ਬਹੁਤ ਘੱਟ ਸਨ। ਇਸਤਰੀ ਪੁਰਸ਼ ਇਕੱਠੇ ਜਨਮ ਲੈਂਦੇ ਸਨ। ਇਹੋ ਬੜੇ ਹੋ ਕੇ ਪਤੀ ਪਤਨੀ ਦਾ ਰੂਪ ਧਾਰਨ ਕਰ ਲੈਂਦੇ ਸਨ। ਵਿਆਹ, ਘਰ, ਰਸਮ, ਰਿਵਾਜ, ਤੇ ਕਲਾ ਕੁਝ ਨਹੀਂ ਸੀ। ਜ਼ਿੰਦਗੀ ਦੀਆਂ ਜ਼ਰੂਰਤਾਂ ਕਲਪ ਵਿਰਖ ਤੋਂ ਪੂਰੀਆਂ ਹੁੰਦੀਆਂ ਸਨ। ਸਮਾਂ ਪੈਣ ਤੇ ਕਲਪ ਵਿਰਖ ਖਤਮ ਹੋਣ ਲੱਗੇ, ਮਨੁੱਖਾਂ ਵਿਚ ਆਬਾਦੀ ਦਾ ਵਾਧਾ ਹੋਣ ਲੱਗਾ, ਲੋਕਾਂ ਨੂੰ ਕਈ ਤਰਾਂ ਦੀਆਂ ਸਮੱਸਿਆਂਵਾ ਆਉਣ ਲੱਗੀਆਂ। ਅਜੇਹੇ ਸਮੇਂ ਜੈਨ ਪ੍ਰੰਪਰਾ ਅਨੁਸਾਰ 15 ਕੁਲੱਕਰ ਹੋਏ। ਇਹ ਕੁਲੱਕਰ ਕਬੀਲਿਆਂ ਦੇ ਸਰਦਾਰਾਂ ਦੀ ਤਰ੍ਹਾਂ ਸਨ। ਆਖਰੀ ਕੁਲੱਕਰ ਕਹਿ ਨਾਭੀ ਰਾਏ ਜੀ ਸਨ ਆਪ ਦੀ ਪਤਨੀ ਮਾਤਾ ਮਰੂ ਦੇਵੀ ਜੀ ਸਨ। ਆਪਦੇ ਘਰ ਚੇਤਰ ਕ੍ਰਿਸ਼ਨ ਅਸਟਮੀ ਨੂੰ ਭਗਵਾਨ ਰਿਸਵ ਦੇਵ ਦਾ ਜਨਮ ਹੋਇਆ। ਤੀਰਥੰਕਰ ਗੋਤਰ ਦੇ ਕਾਰਣ ਆਪ ਨੂੰ ਤਿੰਨ ਗਿਆਨ ਹਾਸਲ ਸਨ

ਆਪ ਨੇ ਪੁਰਸਾਂ ਨੂੰ 72 ਕਲਾਵਾਂ ਅਤੇ ਇਸਤਰੀਆਂ ਨੂੰ 64 ਕਲਾਵਾਂ ਸਿਖਾਇਆਂ। ਆਪਨੇ ਮਨੁੱਖ ਜਾਤੀ ਨੂੰ 6 ਜੀਵਨ ਜਰੂਰੀ ਸਾਧਨ ਪ੍ਰਦਾਨ ਕੀਤੇ ਜ ਇਸ ਪ੍ਰਕਾਰ ਸਨ (1) ਖੇਤੀ (2) ਯੁੱਧ ਕਲਾ (3) ਲਿਖਣ ਵਿੱਦਿਆ (4) ਸ਼ਿਲਪ (5) ਵਿਉਪਾਰ (6) ਪੜਨਾ ਆਪ ਦੀਆਂ ਦੋ ਪਤਨੀਆਂ ਸਨ ਸੁਮੰਗਲਾ ਤੇ ਸੁਨੰਦਾ। ਇਨਾਂ ਪਤਨੀਆਂ ਤੋਂ ਆਪ ਭਰਤ, ਬਾਹੂਬਲੀ ਜੇਹੇ 100 ਪੁੱਤਰ ਅਤੇ ਬ੍ਰਹਮੀ, ਸੁਦਰੀ ਆਦਿ ਦੋ ਪੁਤਰੀਆਂ ਪੈਦਾ ਹੋਈਆਂ। ਆਪ ਦੇ ਪਹਿਲੇ ਪੁੱਤਰ ਭਰਤ ਚੱਕਰਵਰਤੀ ਸਨ। ਜਿਨ੍ਹਾਂ ਘਰ ਵਿੱਚ ਰਹਿ ਕੇ ਕੇਵਲ ਗਿਆਨ ਪ੍ਰਾਪਤ ਕੀਤਾ ਸੀ। ਆਪ ਦੀ ਪੁੱਤਰੀ ਬ੍ਰਹਮੀ ਨੇ ਬ੍ਰਾਹਮੀ ਲੀਪੀ ਦਾ ਆਵਿਸਕਾਰ ਕੀਤਾ। ਸੁੰਦਰੀ ਗਣਿਤ ਦੀ ਮਾਹਿਰ ਸੀ। ਭਗਵਾਨ ਰਿਸਵਦੇਵ ਇਸਤਰੀਆਂ ਨੂੰ ਸਿੱਖਿਆ ਦੇਣ ਵਾਲੇ ਪਹਿਲੇ ਅਧਿਆਪਕ ਸਨ। ਆਪ ਪਹਿਲੇ ਰਾਜ਼ਾ, ਸ਼ਿਲਪੀ, ਧਰਮ ਚੱਕਰਵਰਤੀ, ਤੀਰਥੰਕਰ, ਕਾਨੂੰਨ ਨੀਤੀ ਤੇ ਸੰਸਥਾਪਕ ਸਨ। ਆਪ ਨੇ ਮਨੁੱਖਾਂ ਨੂੰ ਘਰ ਬਣਾਉਣਾ ਸਿਖਾਇਆ, ਵਿਆਹ ਦੀ ਰਸਮ ਚਾਲੂ ਕਰ ਕੇ ਪਰਿਵਾਰ ਦੀ ਸੰਸਥਾ ਨੂੰ ਜਨਮ ਦਿੱਤਾ। ਆਪਨੇ ਅਯੋਧਿਆ ਨਗਰੀ ਦਾ ਨਿਰਮਾਨ ਕਰਕੇ ਉਸ ਨੂੰ ਰਾਜਧਾਨੀ ਬਣਾਇਆ।

ਲੰਮਾ ਸਮਾਂ ਰਾਜ ਕਰਨ ਤੋਂ ਬਾਅਦ ਆਪਣੇ ਦੇਵਤਿਆਂ ਦੀ ਪ੍ਰੇਰਣਾ ਨਾਲ ਸਾਧੂ ਜੀਵਨ ਗ੍ਰਹਿਣ ਕੀਤਾ। ਆਪ ਨੇ ਸਾਧੂ ਬਣਨ ਤੋਂ ਪਹਿਲਾ ਆਪ ਨੇ ਸਾਰਾ ਰਾਜ ਆਪਣੇ ਪੁੱਤਰਾਂ ਵਿਚ ਵੰਡ ਦਿੱਤਾ।

ਭਗਵਾਨ ਰਿਸ਼ਵਦੇਵ ਨੇ ਲੰਬਾ ਸਮਾਂ ਤਪ ਕੀਤਾ। ਉਹਨਾਂ ਨਾਲ 4000 ਰਾਜੇ ਵੀ ਸਾਧੂ ਬਣ ਗਏ। ਪਰ ਤਪੱਸਿਆ ਨਾ ਕਰ ਸਕਣ ਕਾਰਨ ਉਹ ਭਗਵਾਨ ਰਿਸ਼ਵਦੇਵ ਦਾ ਸਾਥ ਛੱਡ ਗਏ। ਇਹ

ਰਾਜੇ ਕੁਟਿਆਂ ਬਣਾਕੇ ਰਹਿਣ ਲੱਗ ਪਏ। ਇਹਨਾ ਭਟਕੇ ਮੁਨੀਆਂ ਨੇ 363 ਮੱਤਾਂ ਨੂੰ ਜਨਮ ਦਿੱਤਾ

ਭਗਵਾਨ ਰਿਸ਼ਵਦੇਵ ਨੂੰ ਇੱਕ ਸਾਲ ਭਿੱਖਿਆ ਨਾ ਮਿਲੀ ਕਿਉਂਕਿ ਲੋਕ ਦਾਨ ਦੇਣਾ ਨਹੀਂ ਜਾਣਦੇ ਸਨ। ਇੱਕ ਵਾਰ ਆਪ ਹਸਤਾਨਪੁਰ ਪੁੱਜੇ। ਉਥੇ ਆਪਣੇ ਪੋਤੇ ਸਰੇਆਂਸ਼ ਕੁਮਾਰ ਨੇ ਗੰਨੇ ਦਾ ਰਸ ਆਪ ਨੂੰ ਦਾਨ ਕੀਤਾ। ਇਸ ਦਿਨ ਨੂੰ ਜੈਨ ਧਰਮ ਵਿੱਚ ਬਹੁਤ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਇਹ ਦਿਨ ਅਖਿਆ ਤੀਜ ਸੀ। ਭਗਵਾਨ ਰਿਸ਼ਵਦੇਵ ਨੂੰ ਫੱਗਣ ਕ੍ਰਿਸ਼ਨਾ 11 ਨੂੰ ਕੇਵਲ ਗਿਆਨ ਪ੍ਰਾਪਤ ਹੋਇਆ। ਆਪਣੇ ਆਪਣਾ ਪਹਿਲਾਂ ਧਰਮ ਉਪਦੇਸ ਦਿੱਤਾ। ਧਰਮ ਤੀਰਥ ਦੀ ਸਥਾਪਨਾ ਕੀਤੀ। ਆਪਦੇ 98 ਪੁੱਤਰਾਂ ਨੇ ਰਾਜ ਪਾਟ ਛੱਡ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਬ੍ਰਾਹਮੀ ਅਤੇ ਸੁੰਦਰੀ ਨੇ ਸਾਧਵੀ ਜੀਵਨ ਗ੍ਰਹਿਣ ਕੀਤਾ। ਆਪਦੇ ਛੋਟੇ ਪੁੱਤਰ ਬਾਹੂਬਲੀ ਨੇ ਬ੍ਰਾਹਮੀ ਸੁੰਦਰੀ ਦੇ ਉਪਦੇਸ਼ ਸਦਕਾ ਯੁੱਧ ਦੇ ਮੈਦਾਨ ਵਿਚ ਹੀ ਕੇਵਲਯ ਗਿਆਨ ਪ੍ਰਾਪਤ ਕੀਤਾ। ਆਪ ਸਭਕੁਝ ਜਾਨਣ ਵੇਖਣ ਵਾਲੇ ਸਰਵੱਗ ਬਨ ਗਏ।

ਆਪਦੇ ਨਿਰਵਾਨ ਮਾਘ ਕ੍ਰਿਸ਼ਨਾ 13 ਨੂੰ ਅਸਟਾਪਦ ਪਹਾੜ ਤੇ 10000 ਸਾਧੂਆਂ ਨਾਲ ਹੋਇਆ। ਭਗਵਾਨ ਰਿਸ਼ਵਦੇਵ ਦਾ ਪ੍ਰਚਾਰ ਖੇਤਰ ਬਹੁਤ ਵਿਸ਼ਾਲ ਸੀ। ਆਪਦੇ 84000 ਮੁਨੀ ਅਤੇ ਤਿੰਨ ਲੱਖ ਸਾਧਵੀਆਂ ਸਨ। ਆਪ ਦਾ ਚਿਨ੍ਹ ਬੈਲ ਹੈ। ਸੇਵਕ ਯੁਕਸ਼ ਗੋਮੁਖ ਯਕਸ਼ਨੀ ਚਕਰੇਸ਼ਵਰੀ ਦੇਵੀ ਹਨ।

# ਭਗਵਾਨ ਅਜੀਤਨਾਥ ਜੀ

ਤੀਰਥੰਕਰ ਅਜੀਤਨਾਥ ਦਾ ਜਨਮ ਅਯੋਧਿਆ ਵਿਖੇ ਇਸਵਾਕੂ ਬੰਸ਼ ਦੇ ਰਾਜਾ ਜਿਤਸ਼ਤਰੂ ਤੇ ਮਹਾਰਾਣੀ ਵਿਜੇ ਦੇਵੀ ਦੇ ਘਰ ਹੋਇਆ। ਆਪ ਦਾ ਜਨਮ ਮਾਘ ਸੁਕਲਾ ਅਸ਼ਟਮੀ ਨੂੰ ਹੋਇਆ ਲੰਬਾ ਸਮਾਂ ਰਾਜ ਸੁਖ ਭੋਗ ਕੇ ਆਪਨੇ ਮਾਘ ਕ੍ਰਿਸ਼ਨਾ 9 ਨੂੰ ਸਾਧੂ ਜੀਵਨ ਗ੍ਰਹਿਣ ਕੀਤਾ।

ਆਪ ਨੇ ਲੰਮਾ ਸਮਾਂ ਜੰਗਲ ਵਿਚ ਤਪ ਕਰਕੇ ਆਪਣੇ ਪਿਛਲੇ ਕੀਤ ਕਰਮਾ ਦਾ ਨਾਸ਼ ਕੀਤਾ। ਪੋਹ ਕ੍ਰਿਸ਼ਨਾ 11 ਨੂੰ ਆਪ ਨੂੰ ਕੇਵਲਯ ਗਿਆਨ ਪ੍ਰਾਪਤ ਹੋ ਗਿਆ। ਆਪ ਦਾ ਨਿਰਵਾਨ ਬਿਹਾਰ ਵਿਖੇ ਸਮੇਤ ਸ਼ਿਖਰ (ਪਾਰਸ਼ਨਾਥ ਹਿਲ) ਵਿਖੇ ਚੇਤ ਸੁਕਲਾ 5 ਨੂੰ 1000 ਮੁਨੀਆਂ ਨਾਲ ਹੋਇਆ ਆਪਨੇ 4 ਮਹਾਵਰਤਾਂ ਦਾ ਉਪਦੇਸ਼ ਸਾਧੂ ਸਾਧਵੀਆਂ ਨੂੰ ਦਿੱਤਾ। ਜੋ 23 ਵੇ ਤੀਰਥੰਕਰ ਭਗਵਾਨ ਪਾਰਸ਼ ਨਾਥ ਤੱਕ ਚਲਦਾ ਰਿਹਾ। ਉਨ੍ਹਾਂ ਬ੍ਰਹਮ ਚਰਜ ਤੇ ਅਪਰਿਗ੍ਰਹਿ ਵਰਤਾ ਨੂੰ ਇਕ ਸ਼੍ਰੇਣੀ ਵਿਚ ਰੱਖ ਦਿੱਤਾ। ਆਪ ਦਾ ਚਿਨ੍ਹ ਹਾਥੀ ਹੈ। ਆਪ ਦੇ ਯਕਸ ਦਾ ਨਾਂ ਮਹਾਯਕਸ ਤੇ ਯਕਸ਼ਨੀ ਦਾ ਨਾਂ ਰੋਹਣੀ ਜਾਂ ਅਜੀਤਬਲਾ ਹੈ।

# ਭਗਵਾਨ ਸੰਭਵ ਨਾਥ ਜੀ

ਆਪ ਸ੍ਰਾਵਸਤੀ (ਵਰਤਮਾਨ ਸਹੇਠ ਮਹੇਠ) ਨਗਰੀ ਦੇ ਰਾਜਾ ਜਿਤਾਰੀ ਦੀ ਰਾਣੀ ਸੈਨਾ ਦੇਵੀ ਦੇ ਸਪੁੱਤਰ ਸਨ। ਪਿਛਲੇ ਜਨਮ ਵਿਚ ਆਪਨੇ ਵਿਪੁਲਵਾਹਨ ਰਾਜਾ ਦੇ ਜਨਮ ਵਿਚ ਸਾਰਾ ਖਜ਼ਾਨਾ ਪਰਜਾ ਨੂੰ ਦਾਨ ਕਰ ਦਿੱਤਾ ਸੀ। ਆਪ ਦਾ ਜਨਮ ਮੱਘਰ ਸੁਕਲ 14 ਤੇ ਦੀਖੀਆ ਮਿਤੀ ਮਾਘ ਸੁਕਲ ਪੂਰਨਮਾਸੀ ਹੈ। ਲੰਬਾ ਸਮਾਂ ਜੰਗਲਾਂ ਵਿਚ ਰਹਿ ਕੇ ਆਪਨੇ ਮਾਤਰਾ ਰਾਹੀਂ ਆਤਮਾ

ਦੀ ਖੋਜ ਕੀਤੀ । ਕੱਤਕ ਕ੍ਰਿਸ਼ਨਾ 5 ਨੂੰ ਆਪ ਨੂੰ ਸਵਰਗ, ਸਰਵਦਰਸੀ ਅਰਿਹੰਤ ਪਦ ਦਿਵਾਉਣ ਵਾਲਾ ਕੇਵਲ ਗਿਆਨ ਪ੍ਰਾਪਤ ਹੋਇਆ । ਲੰਬਾ ਸਮਾਂ ਧਰਮ ਪ੍ਰਚਾਰ ਕਰਨ ਤੋ ਵਾਪਸ ਆਪ 1000 ਸਾਧੂਆ ਸਮੇਤ ਸਿਖਰ ਪੁੱਜੇ । ਜਿਥੇ ਚੇਤ ਸੁਕਲਾ 5 ਨੂੰ ਆਪ ਨੂੰ ਪਰਮਾਤਮਾ (ਸਿਧ) ਪਦ ਪ੍ਰਾਪਤ ਹੋਇਆ । ਆਪ ਦਾ ਸ਼ਰੀਰਕ ਚਿਨ੍ਹ ਘੋੜਾ ਹੈ । ਤਰਿਮੁਖ ਯਕਸ਼ ਤੇ ਪ੍ਰਗਪਤਿ ਜਾਂ ਦੁਰਤਾਰੀ ਯਕਸ਼ਨੀ ਆਪ ਦੇ ਧਰਮ ਸੰਘ ਰਖਿਅੱਕ ਸ਼ਾਸਨਦੇਵ ਹਨ ।

## ਭਗਵਾਨ ਅਭਿਨੰਦਨ ਜੀ

ਆਪ ਵੀ ਅਯੋਧਿਆ ਨਿਵਾਸੀ ਸਨ । ਆਪ ਦੇ ਪਿਤਾ ਰਾਜਾ ਸੰਬਰ ਤੇ ਮਾਤਾ ਰਾਣੀ ਸਿਧਾਰਥਾ ਸਨ ਆਪ ਦਾ ਜਨਮ ਮਾਘ ਸੁਕਲਾ 2 ਨੂੰ ਹੋਇਆ । ਲੰਬਾ ਸਮਾਂ ਸੰਸਾਰ ਦੇ ਸੁਖ ਭੋਗ ਕੇ ਆਪਣੇ ਮਾਘ ਸੁਕਲਾ 12 ਨੂੰ ਆਪਨੇ ਸਾਧੂ ਜੀਵਨ ਗ੍ਰਹਿਣ ਕੀਤਾ । ਲੰਬਾ ਸਮਾਂ ਤਪ ਕਰਨ ਤੋਂ ਬਾਅਦ ਪੋਹ ਕ੍ਰਿਸ਼ਨਾ 14 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ । ਲੰਬਾ ਸਮਾਂ ਸੰਸਾਰ ਵਿਚ ਤੀਰਥੰਕਰ ਦੇ ਰੂਪ ਵਿਚ ਧਰਮ ਪ੍ਰਚਾਰ ਕਰਨ ਤੋ ਬਾਅਦ ਵੈਸਾਖ ਸੁਕਲਾ 8 1000 ਸਾਧੂਆ ਨਾਲ ਆਪ ਸਮੇਤ ਸਿਖਰ ਪਹਾੜ ਤੇ ਪੁਜੇ । ਜਿਥੇ ਆਪ ਦਾ ਨਿਰਵਾਨ ਹੋਇਆ । ਆਪ ਦਾ ਸ਼ਰੀਰਕ ਚਿਨ੍ਹ ਬਾਂਦਰ ਹੈ । ਆਪ ਦੇ ਸੰਘ ਦੇ ਸੇਵਕ ਯਕਸ਼ ਯਕਸ਼ਨਾਇਕ ਹੈ ਬ੍ਰਿਜ਼ਸ਼੍ਰਿਅਲਾ ਜਾਂ ਕਾਲਕਾ ਆਪ ਦੀ ਯਕਸ਼ਨੀ ਹੈ ।

## ਭਗਵਾਨ ਸੁਮਤਿਨਾਥ ਜੀ

ਆਪ ਦਾ ਜਨਮ ਵੈਸਾਖ ਸੁਕਲਾ ਨੂੰ ਅਯੋਧਿਆ ਸਮਰਾਟ ਮੇਘਰਥ ਦੀ ਮਹਾਰਾਨੀ ਸੁਮੰਗਲਾ ਘਰ ਹੋਇਆ । ਆਪ ਨੇ ਰਾਜਕੁਮਾਰਾ ਵਾਲੇ ਸਾਰੇ ਭੋਗ ਭੋਗੇ । ਫੇਰ ਦੇਵਤਿਆਂ ਦੀ ਪ੍ਰੇਰਣਾ ਨਾਲ ਵੈਸਾਖ ਸੁਕਲਾ 9 ਨੂੰ ਆਪਣੇ ਸਾਰੇ ਸੁੱਖਾਂ ਨੂੰ ਠੋਕਰ ਮਾਰ ਦਿੱਤੀ । ਫਕੀਰੀ ਗ੍ਰਹਿਣ ਕਰਕੇ ਜੰਗਲ ਦਾ ਰਾਹ ਲਿਆ ਲੰਬਾ ਸਮਾਂ ਜੰਗਲਾਂ ਦੇ ਕਸ਼ਟ ਝੱਲਨ ਤੋਂ ਬਾਅਦ ਮਿਤੀ ਚੇਤ ਸੁਕਲਾ 11ਆਪ ਨੂੰ ਕੇਵਲ ਗਿਆਨ ਪ੍ਰਪਤ ਹੋਇਆ । ਲੰਬਾ ਸਮਾਂ ਤੀਰਥੰਕਰ ਪਦ ਦੇ ਰੂਪ ਵਿਚ ਅਨਤ ਆਤਮਾਵਾਂ ਨੂੰ ਆਪ ਨੇ ਸੱਚੇ ਧਰਮ ਦਾ ਰਾਹ ਦੱਸਿਆ] ਚੇਤ ਸੁਕਲਾ 9 ਨੂੰ ਆਪ ਇੱਕ ਹਜ਼ਾਰ ਮੁਨੀਆਂ ਨਾਲ ਸਮੇਤ ਸਿਖਰ ਪਹਾੜ ਤੇ ਮੋਕਸ ਪਧਾਰੇ । ਆਪ ਦਾ ਸਰੀਰਕ ਚਿਨ੍ਹ ਕਰੌਂਚ ਪੰਛੀ ਹੈ । ਆਪਦੇ ਸੇਵਕ ਯਕਸ਼ ਤੁੰਬਰੂ ਤੇ ਯਕਸਨੀ ਪੁਰਦਸਤਾ ਜਾਂ ਮਹਾਕਾਲੀ ਹਨ ।

## ਭਗਵਾਨ ਪਦਮ ਪ੍ਰਭੂ ਜੀ

ਆਪ ਜੀ ਦਾ ਜਨਮ ਕੋਸ਼ਾਂਬੀ ਨਰੇਸ਼ ਸ੍ਰੀਧਰ ਦੀ ਮਹਾਰਾਣੀ ਸੁਸੀਮਾ ਦੀ ਕੁਖੋਂ ਕੱਤਕ ਕ੍ਰਿਸਨਾ 12 ਨੂੰ ਹੋਇਆ ਲੰਬਾ ਸਮਾਂ ਰਾਜ ਮੁੱਖ ਭੋਗ ਕੱਤਕ ਕ੍ਰਿਸਨਾ 13 ਨੂ ਆਪਣੇ ਸਾਧੂ ਜੀਵਨ ਗ੍ਰਹਿਣ ਕੀਤਾ । ਚੇਤਰ ਸੁਕਲਾ ਪੂਰਨਮਾਸੀ ਨੂੰ ਆਪ ਜੀ ਨੂੰ ਕੇਵਲ ਗਿਆਨ ਪ੍ਰਪਤ ਹੋ ਗਿਆ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਕੇ ਆਪ ਨੇ ਲੰਬਾ ਸਮਾਂ ਧਰਮ ਪ੍ਰਚਾਰ ਕੀਤਾ । ਮੱਘਰ ਕ੍ਰਿਸਨਾ 11 ਨੂੰ ਆਪ ਨੇ 1000 ਮੁਨੀਆ ਨਾਲ ਸਮੇਤ ਸਿਖਰ ਵਿਖੇ ਮੋਕਸ ਪਧਾਰੇ । ਆਪ ਦਾ ਦਾ ਸਰੀਰਕ ਚਿਨ੍ਹ ਕਮਲ ਹੈ । ਆਪ ਦੇ ਸੇਵਕ ਯਕਸ ਮਨੋਵੇਗਾ ਜਾਂ ਮਨੋਗੁਪਤਾ ਤੇ ਯਕਸਨੀ ਗਿਆਮਾ ਜਾਂ ਅਚੁਪਤਾ ਹੈ ।

# ਭਗਵਾਨ ਸੁਪਾਰਸ਼ਵਨਾਥ ਜੀ

ਆਪ ਕਾਂਸੀ ਦੇ ਰਾਜਾ ਪ੍ਰਤਿਸ਼ਟਸੇਨ ਤੇ ਮਹਾਰਾਣੀ ਪ੍ਰਿਥਵੀ ਦੇ ਸਪੁੱਤਰ ਸਨ। ਆਪ ਦਾ ਜਨਮ ਜੇਠ ਸ਼ੁਕਲਾ 12 ਨੂੰ ਹੋਇਆ। ਜੇਠ ਸ਼ੁਕਲਾ 13 ਨੂੰ ਆਪ ਨੂੰ ਸੰਸਾਰਕ ਸੁਖਾਂ ਨੂੰ ਠੋਕਰ ਮਾਰਕੇ ਸਾਧੂ ਜੀਵਨ ਗ੍ਰਹਿਣ ਕੀਤਾ। ਲੰਬਾ ਸਮਾਂ ਤਪ ਕਰਨ ਤੋਂ ਬਾਅਦ ਫਗੁਣ ਕ੍ਰਿਸਨਾ 6 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ। ਲੋਕਾਂ ਨੂੰ ਸੱਚਾ ਮਾਰਗ ਦਾ ਉਪਦੇਸ ਦਿੰਦੇ ਹੋਏ ਭਾਦੋਂ ਕ੍ਰਿਸਨਾ 7 ਨੂੰ ਆਪ ਸਿਖਰ ਪੁਜੇ। ਜਿਥੇ ਇਕ ਹਜਾਰ ਮੁਨੀਆਂ ਨਾਲ ਆਪ ਮੋਕਸ ਪਧਾਰੇ। ਆਪ ਦਾ ਸਰੀਰਕ ਚਿਨ੍ਹ ਸਵਾਸਤਿਕ ਜਾਂ ਨੰਦਾਵਰਤ ਹੈ। ਆਪ ਦਾ ਸੇਵਕ ਯਕਸ ਬਰਦਿਤ ਜਾਂ ਮਾਤੰਗ ਹੈ। ਕਾਲੀ ਜਾਂ ਸਾਂਤੀ ਆਪ ਜੀ ਦੀ ਸੇਵਕ ਯਕਸਨੀ ਹੈ।

# ਭਗਵਾਨ ਚੰਦਰਪ੍ਰਭੂ ਜੀ

ਚੰਦਰਪੁਰੀ ਦੇ ਪ੍ਰਤਾਪੀ ਰਾਜਾ ਮਹਾਸੇਨ ਦੀ ਲਕਸਮਣਾ ਰਾਣੀ ਦੀ ਕੁਖੋਂ ਆਪ ਦਾ ਜਨਮ ਪੋਹ ਸੁਕਲਾ 12 ਨੂੰ ਹੋਇਆ। ਲੰਬਾ ਸਮਾਂ ਸੰਸਾਰ ਦੇ ਸੁਖ ਭੋਗੇ। ਝੂਠੇ ਸੁਖਾਂ ਨੂੰ ਪੋਹ ਕ੍ਰਿਸਨਾ 13 ਨੂੰ ਆਪ ਨੇ ਠੋਕਰ ਮਾਰ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਤਪ ਕਰਕੇ ਆਪ ਨੂੰ ਫਗੁਣ 7 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ ਲੰਬਾ ਸਮਾਂ ਧਰਮ ਪ੍ਰਚਾਰ ਕਰਦੇ ਹੋਏ ਆਪ ਭਾਦੋਂ ਕ੍ਰਿਸ਼ਨਾ 7 ਨੂੰ ਸਮੇਤ ਸ਼ਿਖਰ ਪਹਾੜ ਤੇ ਪੁਜੇ। 1000 ਮੁਨੀਆਂ ਨਾਲ ਆਪਨੇ ਨਿਰਵਾਨ ਹਾਸਲ ਕੀਤਾ। ਆਪ ਦਾ ਚਿਨ੍ਹ ਚੰਦਰਮਾ ਹੈ ; ਯਕਸ ਦਾ ਨਾਂ ਵਿਜੇ ਹੈ ਯਕਸਨੀ ਵਿਜੇ ਜਾਂ ਜਵਾਲਾ ਹੈ।

# ਭਗਵਾਨ ਸੁਵਿਧੀਨਾਥ ਜੀ

ਆਪ ਜੀ ਦਾ ਦੂਸਰਾ ਨਾਂ ਪੁਸਪਦਤ ਵੀ ਹੈ। ਆਪ ਕਾਕੰਦੀ ਨਗਰੀ ਦੇ ਰਾਜਾ ਸੁਗਰੀਵ ਦੀ ਮਹਾਰਾਣੀ ਰਾਮਾਂ ਦੇਵੀ ਦੇ ਸਪੁੱਤਰ ਸਨ। ਆਪ ਦਾ ਜਨਮ ਮੱਘਰ ਕ੍ਰਿਸਨਾ 5 ਨੂੰ ਹੋਇਆ। ਮੱਘਰ ਕ੍ਰਿਸਨਾ 6 ਨੂੰ ਆਪਨੇ ਸਾਧੂ ਜੀਵਨ ਗ੍ਰਹਿਣ ਕੀਤਾ ਲੰਬਾ ਸਮਾ ਤੱਪ ਕਰਨ ਤੋਂ ਬ ਆਦ ਕੱਤਕ ਸੁਕਲ 3 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ।

ਧਰਮ ਪ੍ਰਚਾਰ ਕਰਨ ਤੋਂ ਬਾਅਦ ਭਾਦੋਂ ਸ਼ੁਕਲਾ 9 ਆਪ 1000 ਮੁਨੀਆ ਨਾਲ ਸਮੇਤ ਸਿਖਰ ਵਿਖੇ ਪੁਜੇ ਇਹ ਪਵਿੱਤਰ ਪਹਾੜ ਆਪ ਦਾ ਨਿਰਵਾਨ ਸਥਾਨ ਹੈ ਆਪ ਦਾ ਸਰੀਰਕ ਚਿਨ ਤਵੱਲ ਜਾ ਮਕਰ ਹੈ। ਆਪ ਦੇ ਸੇਵਕ ਯਕਸ ਅਜੀਤ ਅਤੇ ਯਕਸਨੀ ਮਹਾਂਕਾਲੀ ਜਾਂ ਸੁਤਾਰਿਕਾ ਹੈ।

# ਭਗਵਾਨ ਸ਼ੀਤਲਨਾਥ ਜੀ

ਆਪ ਭੱਦਿੱਲ ਪੁਰ ਨਰੇਸ ਰਾਜਾ ਦ੍ਰਿੜ ਰੱਥ ਤੇ ਮਹਾਰਾਣੀ ਨੰਦਾ ਦੇ ਸਪੁੱਤਰ ਸਨ ਆਪ ਦਾ ਜਨਮ ਕਲਿਆਨਕ ਮਾਘ ਕ੍ਰਿਸਨਾ 12 ਹੈ। ਮੱਘਰ ਕ੍ਰਿਸਨਾ 12 ਨੂੰ ਆਪਣੇ ਸੰਸਾਰਿਕ ਸੁੱਖਾਂ ਨੂੰ ਠੋਕਰ ਮਾਰ ਕੇ ਸਾਧੂ ਜੀਵਨ ਜੀਰਨ ਅੰਗਿਕਾਰ ਕੀਤਾ। ਫੇਰ ਲੰਬਾ ਸਮਾਂ ਤਪ ਕਰਨ ਤੋਂ

ਬਾਅਦ ਪੋਹ ਕ੍ਰਿਸ਼ਨਾ 14 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ । ਆਪ ਨੇ ਤੀਰਥੰਕਰ ਪਦ ਪ੍ਰਾਪਤ ਕਰਕੇ ਅਨੇਕਾਂ ਭੁੱਲੇ ਭਟਕੇ ਜੀਵਾਂ ਨੂੰ ਸਿੱਧਾ ਰਾਹ ਵਿਖਾਇਆ । ਵੈਸਾਖ ਕ੍ਰਿਸ਼ਨਾ 2 ਨੂੰ ਆਪ ਇਕ ਹਜਾਰ ਮੁਨੀਆ ਨਾਲ ਸਮੇਤ ਸ਼ਿਖਰ ਵਿਖੇ ਮੋਕਸ਼ ਪਧਾਰੇ । ਆਪ ਦਾ ਸਰੀਰਕ ਚਿਨ ਸ੍ਰੀ ਵਤਸ ਹੈ ਆਪ ਦਾ ਯਕਸ਼ ਬ੍ਰਹਮ ਹੈ ਆਪ ਦੀ ਯਕਸ਼ਨੀ ਮਾਨਵੀ ਜਾ ਅਸ਼ੋਕਾ ਹੈ ।

# ਭਗਵਾਨ ਸ਼ਰੇਆਂਸ ਨਾਥ ਜੀ

ਆਪ ਸਿੰਘ ਪੁਰੀ ਦੇ ਮਹਾਰਾਜਾ ਵਿਸ਼ਨੂੰ ਤੇ ਰਾਣੀ ਵਿਸ਼ਨੂੰ ਦੇਵੀ ਦੇ ਸਪੁੱਤਰ ਸਨ । ਆਪ ਦਾ ਜਨਮ ਫਗੁਣ ਕ੍ਰਿਸ਼ਨਾ 12 ਨੂੰ ਹੋਇਆ । ਲੰਬਾ ਸਮਾ ਸੰਸਾਰ ਦੇ ਸੁੱਖ ਭੋਗਣ ਫਗੁਣ ਕ੍ਰਿਸ਼ਨਾ 13 ਨੂੰ ਆਪ ਸਾਧੂ ਬਣੇ । ਤਿਆਗ ਤੇ ਤਪੱਸਿਆਂ ਕਰਕੇ ਆਪ ਨੇ ਆਪਣੇ ਕਰਮ ਦਾ ਖਾਤਮਾ ਕੀਤਾ । ਮਾਘ ਸੁਕਲਾ 2 ਨੂੰ ਆਪ ਕੇਵਲ ਗਿਆਨੀ ਤੀਰਥੰਕਰ ਬਣ ਗਏ । ਧਰਮ ਪ੍ਰਚਾਰ ਕਰਦੇ ਹੋਏ ਸਾਵਨ ਕ੍ਰਿਸ਼ਨ 13 ਨੂੰ ਆਪ 1000 ਮੁਨੀਆ ਨਾਲ ਸਮੇਤ ਸਿਖਰ ਪਹਾੜ ਤੇ ਮੋਕਸ਼ ਪੁਜੇ 24 ਵੇ ਤੀਰਥੰਕਰ ਭਗਵਾਨ ਮਹਾਵੀਰ ਨੇ ਤ੍ਰਿਪ੍ਰਿਸ਼ਟ ਵਾਸੂਦੇਵ ਦੇ ਜਨਮ ਵਿਚ ਆਪ ਤੋਂ ਉਪਦੇਸ਼ ਗ੍ਰਹਿਣ ਕੀਤਾ ਸੀ । ਆਪ ਦਾ ਸਰੀਰਕ ਚਿਨ ਗੈਂਡਾ ਹੈ । ਸੇਵਕ ਯਕਸ਼ ਈਸਵਰ ਜਾ ਯਕਸੇਸ਼ ਹੈ । ਯਕਸ਼ਨੀ ਗੋਰੀ ਜਾ ਮਾਨਵੀ ਹੈ ।

# ਭਗਵਾਨ ਵਾਸੂਪੁਜ ਜੀ

ਭਗਵਾਨ ਵਾਸੂਪੁਜ ਜੀ ਦੇ ਸਾਰੇ ਕਲਿਆਣਕ ਚੰਪਾ ਵਿਖੇ ਹੀ ਹੋਏ ਸਨ । ਆਪ ਦਾ ਜਨਮ ਜਨਮ ਫਗੁਣ ਕ੍ਰਿਸਨ 14 ਨੂੰ ਰਾਜਾ ਵਾਸੂਪੁਜ ਤੇ ਰਾਣੀ ਜੈ ਦੇਵੀ ਦੇ ਘਰ ਹੋਇਆ । ਆਪ ਫਗੁਣ ਕ੍ਰਿਸ਼ਨਾ ਪੂਰਨਮਾਸ਼ੀ ਨੂੰ ਆਪਣੇ ਸਾਧੂ ਜੀਵਨ ਗ੍ਰਹਿਣ ਕੀਤਾ । ਲੰਬਾ ਸਮਾ ਧਰਮ ਪ੍ਰਚਾਰ ਕਰਦੇ ਹੋਏ 600 ਮੁਨੀਆ ਨਾਲ ਆਪ ਆਪਣੇ ਜਨਮ ਸਥਾਨ ਚੰਪਾ ਵਿਖੇ ਹਾੜ ਸੁਕਲਾ 14 ਨੂੰ ਮੋਕਸ਼ ਪਧਾਰੇ ਆਪ ਦਾ ਚਿਨ ਮੈਂਸਾ ਹੈ । ਆਪ ਦੇ ਸੇਵਕ ਯਕਸ਼ ਕੁਮਾਰ ਹੈ ਯਕਸ਼ਨੀ ਦਾ ਨਾ ਗੰਧਾਰੀ ਜਾ ਚੰਡਾ ਹੈ ।

# ਭਗਵਾਨ ਵਿਮਲ ਨਾਥ ਜੀ

ਕੰਪਿਲ ਪੁਰ ਦੇ ਰਾਜਾ ਕ੍ਰਿਤਵਰਨ ਦੀ ਰਾਣੀ ਸਿਆਮ ਦੀ ਕੁਖੋਂ ਮਾਘ ਸੁਕਲਾ 3 ਨੂੰ ਆਪ ਦਾ ਜਨਮ ਹੋਇਆ । ਲੰਬਾ ਸਮਾ ਸੰਸਾਰ ਦੇ ਸੁਖ ਭੋਗਣ ਤੋਂ ਬਾਅਦ ਮਾਘ ਸੁਕਲਾ 4 ਨੂੰ ਆਪ ਸਾਧੂ ਬਣ ਗਏ । ਤਪ ਕਰਨ ਤੋਂ ਬਾਅਦ ਸੁਕਲਾ ਛੇ ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ ਹਾੜ ਕ੍ਰਿਸਨਾ ਨੂੰ ਸਮੇਤ ਸਿਖਰ ਵਿਖੇ 600 ਮੁਨੀਆਂ ਨਾਲ ਮੋਕਸ਼ ਪਧਾਰੇ । ਆਪ ਦਾ ਚਿੰਨ ਸੂਅਰ ਹੈ ਆਪਦੇ ਯਕਸ਼ ਸਨਮੁੱਖ ਅਤੇ ਸੇਵਕ ਯਕਸ਼ਨੀ ਵਿਦਿਤਾ ਜਾਂ ਵਰੋਟਿਆ ਹਨ ।

# ਭਗਵਾਨ ਅਨੰਤ ਨਾਥ ਜੀ

ਆਪ ਦਾ ਜਨਮ ਸਥਾਨ ਅਜਧਿਆ ਹੈ । ਰਾਜਾ ਸਿੰਘ ਸੇਨ ਤੇ ਮਹਾਰਾਣੀ ਸੁਜਸਾ ਦੇ ਘਰ ਰਾਜ ਕੁਮਾਰ ਅਨੰਤ ਨਾਥ ਦਾ ਜਨਮ ਵੈਸਾਖ ਕ੍ਰਿਸ਼ਨਾ ਤ੍ਰਿਨ ਨੂੰ ਹੋਇਆ । ਆਪਣਾ ਲੰਬਾ ਸਮਾਂ

ਸੰਸਾਰਿਕ ਸੁੱਖ ਛੋੜ ਕੇ ਵੈਸਾਖ ਕ੍ਰਿਸ਼ਨਾ 14 ਨੂੰ ਆਪ ਸਾਧੂ ਬਣੇ। ਵੈਸਾਖ ਕ੍ਰਿਸ਼ਨਾ 14 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ। 700 ਮੁਨੀਆਂ ਨਾਲ ਆਪ ਸਮੇਤ ਸਿਖਰ ਵਿਖੇ ਚੇਤ ਸੁਕਲਾ 5 ਨੂੰ ਮੋਕਸ਼ ਪਧਾਰੇ। ਆਪ ਦਾ ਚਿੰਨ੍ਹ ਸਿਕਰਾ ਪੰਛੀ ਹੈ। ਆਪਦੇ ਯਕਸ਼ ਪਾਤਾਲ ਤੇ ਯਕਸ਼ਨੀ ਅਨੰਤਮਤੀ ਜਾਂ ਅੰਕੁਸ਼ਾ ਹਨ।

# ਭਗਵਾਨ ਧਰਮ ਨਾਥ ਜੀ

ਪੰਦਰਵੇਂ ਤੀਰਥੰਕਰ ਧਰਮ ਨਾਥ ਜੀ ਰਤਨਪੁਰੀ ਸਮਰਾਟ ਭਾਨੂੰ ਤੇ ਰਾਣੀ ਸੁਵਰਤਾ ਦੇ ਸਪੁੱਤਰ ਸਨ। ਆਪ ਦਾ ਜਨਮ ਮਾਘ ਸੁਕਲਾ 3 ਨੂੰ ਆਪ ਮਾਘ ਸੁਕਲਾ 13 ਨੂੰ ਸਾਧੂ ਬਣੇ। ਘੋਰ ਤਪ ਕਰਦੇ ਹੋਏ ਆਪਣੇ ਵੀ ਆਪਣੇ 4 ਘਾਤੀ ਕਰਮਾਂ ਦਾ ਨਾਸ਼ ਕਰਕੇ ਪੋਹ ਸੁਕਲਾ ਪੂਰਨ ਮਾਸ਼ੀ ਨੂੰ ਕੇਵਲ ਗਿਆਨ ਪ੍ਰਾਪਤ ਕੀਤਾ ਆਪਣੇ 800 ਮੁਨੀਆਂ ਨਾਲ ਜੇਠ ਸੁਕਲਾ 5 ਨੂੰ ਸਮੇਤ ਸਿਖਰ ਵਿਖੇ ਮੋਕਸ਼ ਹਾਸਲ ਕੀਤਾ ਆਪ ਦਾ ਚਿੰਨ੍ਹ ਵੱਜਰ ਸੀ। ਆਪਦੇ ਯਕਸ਼ ਕਿੰਨਰ ਯਕਸ਼ਨੀ ਮਾਨਸੀ ਜਾਂ ਕੰਦਰਪਾ ਹੈ।

# ਭਗਵਾਨ ਸਾਂਤੀ ਨਾਥ ਜੀ

5 ਚੱਕਰ ਵਰਤੀ ਤੇ 16 ਵੇ ਤੀਰਥੰਕਰ ਸਾਂਤੀ ਨਾਥ ਜਨਮ ਸਥਾਨ ਕੁਰੂ ਦੇਸ ਦੀ ਰਾਜ ਧਾਨੀ ਹਸਤਨਾਪੁਰ ਦੇ ਰਾਜਾ ਵਿਸ਼ਵਸੈਨ ਦੀ ਰਾਣੀ ਅਚਿਰਾ ਦੇ ਘਰ ਜੇਠ ਕ੍ਰਿਸ਼ਨਾ 13 ਨੂੰ ਹੋਇਆ। ਪਿਛਲੇ ਜਨਮ ਵਿੱਚ ਆਪ ਰਾਜਾ ਮੇਘਰਥ ਸਨ। ਆਪ ਨੇ ਸ਼ਰਨ ਵਿੱਚ ਆਏ ਜੀਵ ਦੀ ਰਾਖੀ ਲਈ ਆਪਣੇ ਸ਼ਰੀਰ ਦਾ ਮਾਸ ਦਾਨ ਕੀਤਾ ਸੀ। ਆਪਣੇ ਚੱਕਰ ਵਰਤੀ ਦੀ ਗੱਦੀ ਨੂੰ ਠੋਕਰ ਮਾਰ ਕੇ ਜੇਠ ਕ੍ਰਿਸ਼ਨਾ 14 ਨੂੰ ਸਾਧੂ ਜੀਵਨ ਗ੍ਰਹਿਣ ਕੀਤਾ। ਆਪ ਨੂੰ ਪੋਹ ਸੁਕਲਾ 9 ਨੂੰ ਆਪ ਵੀ 900 ਮੁਨੀਆਂ ਨਾਲ ਸਮੇਤ ਸਿਖਰ ਪਹਾੜ ਤੇ ਮੋਕਸ਼ ਪਧਾਰੇ। ਆਪ ਦਾ ਚਿੰਨ੍ਹ ਮਿਰਗ ਹੈ। ਆਪ ਦੇ ਯਕਸ਼ ਕਿੰਪੁਰਸ਼ ਜਾਂ ਗਰੁੜ ਤੇ ਯਕਸ਼ਨੀ ਮਹਾਮਾਨਸੀ ਜਾਂ ਨਿਰਵਾਨੀ ਹਨ।

# ਭਗਵਾਨ ਕੁੰਥੂ ਨਾਥ ਜੀ

ਆਪ ਵੀ ਚੱਕਰ ਵਰਤੀ ਤੇ ਤੀਰਥੰਕਰ ਸਨ। ਆਪ ਦਾ ਜਨਮ ਰਾਜਾ ਸੂਰਸੇਨ ਦੀ ਰਾਣੀ ਸ੍ਰੀ ਦੇਵੀ ਦੇ ਘਰ ਹਸਤਨਾਪੁਰ ਵਿਖੇ ਵੈਸਾਖ ਕ੍ਰਿਸ਼ਨਾ 14 ਨੂੰ ਹੋਇਆ। ਚੇਤ ਕ੍ਰਿਸ਼ਨਾ 5 ਨੂੰ ਆਪ ਸੰਸਾਰਿਕ ਬੰਧਨਾਂ ਨੂੰ ਤੋੜ ਕੇ ਮੁਨੀ ਬਣ ਗਏ। ਚੇਤ ਸੁਕਲਾ 3 ਨੂੰ ਆਪ ਨੇ ਕੇਵਲ ਗਿਆਨ ਪ੍ਰਾਪਤ ਕੀਤਾ। ਆਪ ਦਾ ਨਿਰਵਾਨ ਵੈਸਾਖ ਕ੍ਰਿਸ਼ਨਾ 11 ਨੂੰ ਸਮੇਤ ਸਿਖਰ ਵਿਖੇ 1000 ਮੁਨੀਆਂ ਨਾਲ ਹੋਇਆ। ਆਪ ਦਾ ਚਿੰਨ੍ਹ ਬਕਰਾ ਹੈ। ਆਪ ਦਾ ਯਕਸ਼ ਗੰਧਰਵ ਤੇ ਯਕਸ਼ਨੀ ਵਿਜੈ ਜਾਂ ਬਲਾ ਹਨ।

# ਸ੍ਰੀ ਅਰਹ ਨਾਥ ਜੀ

ਆਪ ਵੀ ਚੱਕਰ ਵਰਤੀ ਤੇ ਤੀਰਥੰਕਰ ਦੋਹਾਂ ਪਦਾਂ ਦੇ ਮਾਲਕ ਸਨ ਆਪਦੇ ਪਿਤਾ ਸੁਦਰਸ਼ਨ ਤੇ ਮਾਤਾ ਸ੍ਰੀ ਦੇਵੀ ਸਨ। ਆਪ ਦਾ ਜਨਮ ਮੱਘਰ ਸੁਕਲਾ 10 ਨੂੰ ਹੋਇਆ। ਚੱਕਰਵਰਤੀ

ਓ ਸੰਸਾਰਿਕ ਸੁੱਖ ਨੂੰ ਠੋਕਰ ਮਾਰ ਕੇ ਆਪ ਨੇ ਮੱਘਰ ਸੁਕਲਾ 11 ਨੂੰ ਸਾਧੂ ਜੀਵਣ ਗ੍ਰਹਿਣ ਕੀਤਾ ਕੱਤਕ ਸੁਕਲਾ 11 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋਇਆ। ਮੱਘਰ ਸੁਕਲ 10 ਨੂੰ ਆਪ 1000 ਸਾਧੂਆਂ ਨਾਲ ਸਮੇਤ ਸਿਖਰ ਵਿਖੇ ਮੋਕਸ਼ ਪ੍ਰਾਪਤ ਕੀਤਾ। ਚਿੰਨ ਨੰਦਾਵਰਤ ਜਾਂ ਮੱਛੀ ਹਾਂ ਆਪਦੇ ਯਕਸ਼ ਆਪਦੇ ਯਕਸੇਂਦਰ ਤੇ ਯਕਸ਼ਨੀ ਅਜਿਤਾ ਜਾਂ ਧਰਨੀ ਹਨ।

# ਭਗਵਾਨ ਮੱਲੀ ਨਾਥ ਜੀ

ਭਗਵਾਨ ਮੱਲੀ ਨਾਥ ਇਸਤਰੀ ਤੀਰਥੰਕਰ ਮੰਨੇ ਜਾਂਦੇ ਹਨ। ਗਿਆਤਾ ਧਰਮ ਕਥਾਂਗ ਸੂਤਰ ਵਿਚ ਆਪ ਦੀ ਵਿਸਥਾਰ ਨਾਲ ਵਰਨਣ ਮਿਲਦਾ ਹੈ ਦਿਗੰਬਰ ਪ੍ਰੰਪਰਾ ਆਪ ਨੂੰ ਪੁਰਸ਼ ਮੰਨਦੀ ਹੈ।

ਮਿਥਿਲਾ ਦੇ ਰਾਜਾ ਕੁੰਭ ਤੇ ਮਾਤਾ ਪ੍ਰਭਾਵਤੀ ਦੀ ਸਪੁੱਤਰੀ ਹਨ। ਆਪ ਦਾ ਜਨਮ ਮੱਘਰ ਸੁਕਲਾ 11 ਨੂੰ ਹੋਇਆ ਆਪ ਬਹੁਤ ਸੁੰਦਰ ਸਨ। ਆਪ ਦੀ ਸੁੰਦਰਤਾ ਤੇ ਗਿਆਨ ਦੀ ਚਰਚਾ ਕਈ ਦੇਸਾ ਤੱਕ ਫੈਲ ਚੁਕੀ ਸੀ, ਰਾਜਾ ਕੁੰਭ ਦੇ ਇਨਕਾਰ ਕਰਨ ਤੇ 6 ਦੇਸ ਦੀਆ ਰਾਜਾ ਨੇ ਮਿਥਿਲਾ ਤੇ ਹਮਲਾ ਕਰ ਦਿਤਾ। ਰਾਜਾ ਕੁੰਭ ਇਸ ਆਫਤ ਕਾਰਨ ਘਬਰਾ ਗਿਆ। ਭਗਵਤੀ ਮੱਲੀ ਨੇ ਆਪਨੇ ਪਿਤਾ ਨੂੰ ਹੌਸਲਾ ਦਿੰਦੇ ਆਖਿਆ ਪਿਤਾ ਜੀ ਤੁਸੀ ਕੋਈ ਫਿਕਰ ਨਾ ਕਰੋ ਮੈਂ ਆਪ ਨੂੰ ਇਸ ਸੰਕਟ ਤੋਂ ਪਾਰ ਕਰਵਾਂਗੀ ਤੁਸੀਂ ਇੰਝ ਕਰੋ" ਇਨ੍ਹਾਂ 2 ਰਾਜਿਆਂ ਨੂੰ ਆਖੋ ਕਿ ਮੈਂ ਤੁਹਾਡੇ ਨਾਲ ਰਾਜ ਕੁਮਾਰੀ ਦਾ ਵਿਆਹ ਕਰ ਦੇਵਾਂਗਾ ਬਾਕੀ ਦਾ ਕੰਮ ਮੇਰੇ ਜਿੰਮੇ ਹੈ" ਰਾਜ ਕੁਮਾਰੀ ਮੱਲੀ ਨੇ ਆਪਨੇ ਮਹਿਲ ਦੇ ਮੋਹਨ ਗ੍ਰਹਿ ਵਿੱਚ ਆਪਨੀ ਸੋਨੇ ਦੀ ਮੂਰਤੀ ਬਨਾਈ ਉਸ ਸ਼ਕਲ ਬਿਲਕੁਲ ਰਾਜਕੁਮਾਰੀ ਵਰਗੀ ਸੀ ਉਸ ਮੂਰਤੀ ਵਿਚ ਰਾਜਕੁਮਾਰੀ ਦੀ ਪੁਤਲੀ ਘੁਮਦੀ ਸੀ 6 ਰਾਜਿਆਂ ਨੂੰ ਅੱਲਗ ਰਸਤਿਆਂ ਰਾਹੀ ਬੁਲਾਵਾ ਦਿਤਾ ਗਿਆ। ਰਾਜਕੁਮਾਰੀ ਨੇ ਮੂਰਤੀ ਉਪਰ ਢੱਕਣ ਲਗਾਇਆ ਰਾਜਕੁਮਾਰੀ ਰੋਜ ਉਪਰ ਢੱਕਨ ਖੋਲਦੀ। ਉਸ ਵਿਚ ਭੋਜਨ ਪਾ ਕੇ ਢੱਕਣ ਬੰਦ ਕਰ ਦਿੰਦੀ ਕੁਝ ਦਿਨਾਂ ਬਾਅਦ ਖਾਣਾ ਸੜਨ ਲੱਗ ਗਿਆ ਦੁਰਗੰਧ ਆਉਣ ਲੱਗ ਪਈ। ਤਾਂ ਰਾਜਕੁਮਾਰੀ ਨੇ ਛੇ ਰਾਜਿਆ ਨੂੰ ਬੁਲਾਕੇ ਢੱਕਣ ਖੋਲ ਦਿਤਾ। ਰਾਜਿਆ ਦਾ ਦੁਰਗੰਧ ਕਾਰਨ ਸਾਹ ਘੁਟਣ ਲੱਗ ਪਿਆ ਰਾਜੇ ਪਿਛੋਂ ਮੁੜਨ ਲਗੇ ਤਾਂ ਰਾਜਕੁਮਾਰੀ ਮਲੀ ਨੇ ਕਿਹਾ" ਇਹ ਮੇਰਾ ਅਸਲੀ ਰੂਪ ਹੈ। ਮੇਰਾ ਸਰੀਰ ਇਸੇ ਭੋਜਨ ਨੂੰ ਖਾਦਾ ਹੈ। ਫੇਰ ਇਸ ਮੂਰਤੀ ਦੀ ਦੁਰਗੰਧ ਦੇ ਪੁਤਲੇ ਲਈ ਇਹ ਸੰਘਰਸ ਕਿਉਂ" ?

ਰਾਜ ਕੁਮਾਰੀ ਮੱਲੀ ਦੀ ਛੋਟੀ ਜਿਹੀ ਪ੍ਰੇਰਨਾ ਨੇ ਰਾਜਿਆਂ ਦਾ ਮੂੰਹ ਵੈਰਾਗ ਵੱਲ ਮੋੜ ਦਿੱਤਾ। ਸਾਰੇ ਰਾਜਿਆਂ ਨੇ ਆਪਣੇ ਪੁੱਤਰਾਂ ਨੂੰ ਰਾਜ ਦੇ ਕੇ ਸੰਸਾਰ ਤਿਆਗਣ ਦਾ ਹੌਸਲਾ ਕਰ ਲਿਆ। ਭਗਵਾਨ ਮੱਲੀ ਨਾਥ ਵੀ ਸਾਧੂ ਦੀਖਿਆ ਮੱਘਰ ਸੁਕਲਾ 11 ਨੂੰ ਅਤੇ ਕੇਵਲ ਗਿਆਨ ਮੱਘਰ ਸੁਕਲ 11 ਨੂੰ ਹੀ ਦੂਸਰੇ ਪਹਿਰ ਹੋ ਗਿਆ ਕੇਵਲ ਗਿਆਨੀ ਸਰਵਗ ਬਣਕੇ ਆਪ ਧਰਮ ਪ੍ਰਚਾਰ ਕਰਦੇ ਹੋਏ 500 ਸਾਧੂਆਂ ਨਾਲ ਸਮੇਤ ਸਿਖਰ ਪਹਾੜ ਫੱਗਣ ਸੁਕਲਾ 12 ਨੂੰ ਮੋਕਸ

ਪਧਾਰੇ ਆਪ ਦਾ ਚਿੰਨ ਕੁੰਭ ਹੈ ਆਪਦੇ ਯਕਸ਼ ਕੁਬੇਰ ਤੇ ਯਕਸਣੀ ਅਪਰਾਜਿਤਾ ਜਾਂ ਧਰਨ ਪ੍ਰਿਆ ਹਨ ।

## ਭਗਵਾਨ ਮੁਨੀ ਸੁਵਰਤ ਜੀ

ਆਪਦਾ ਸਮਾ ਰਾਮਇਣ ਦਾ ਸਮਾਂ ਹੈ । ਆਪ ਰਾਜਗ੍ਰਹਿ ਨਗਰੀ ਦੇ ਰਾਜਾ ਸੁਮਿਤਰ ਤੇ ਰਾਣੀ ਪਦਮਾਵਤੀ ਦੇ ਸਪੁਤਰ ਸਨ । ਆਪਦਾ ਜਨਮ ਜੇਠ ਕ੍ਰਿਸਨਾ 8 ਨੂੰ ਹੋਈਆ ਲੰਬਾ ਸਮਾਂ ਰਾਜ ਸੁੱਖ ਭੋਗ ਕੇ ਆਪ ਨੇ ਫਗੁਣ ਸੁਕਲਾ 12 ਨੂੰ ਸਾਧੂ ਜੀਵਨ ਅੰਗੀਕਾਰ ਕੀਤਾ। ਫਗੁਣ ਕ੍ਰਿਸਨਾਂ 12 ਨੂੰ ਆਪ ਨੂੰ ਆਤਮਾ ਤੋਂ ਪਰਮਾਤਮਾ ਬਨਾਉਣ ਵਾਲਾ ਕੇਵਲ ਗਿਆਨ ਪ੍ਰਪਾਤ ਹੋਇਆ ਜੇਠ ਕ੍ਰਿਸ਼ਨਾਂ 9 ਨੂੰ ਆਪ 1000 ਮੁਨੀਆਂ ਨਾਲ ਸਮੇਤ ਸਿਖਰ ਪਹਾੜ ਤੇ ਮੋਕਸ਼ ਪਧਾਰੇ। ਆਪ ਦਾ ਚਿੰਨ ਕੱਛੂ ਹੈ। ਅ ਪ ਦੇ ਯਕਤ ਵਰੁਣ ਜਾਂ ਤੇ ਯਕਸਨੀ ਬਹੁਰੁਪਨੀ ਜਾ ਨਰਦਤਾ ਹਨ ।

## ਭਗਵਾਨ ਨਮਿਨਾਥ ਜੀ

ਆਪ ਮਿਥਿਲਾ ਨਗਰੀ ਦੇ ਰਾਜਾ ਵਿਜੈਸੇਨ ਮਾਤਾ ਵਿਪਰਾ ਦੇਵੀ ਦੇ ਸਪੁਤਰ ਸਨ । ਸਾਵਨ ਕ੍ਰਿਸ਼ਨਾ 8 ਨੂੰ ਆਪਦਾ ਜਨਮ ਹੋਇਆ । ਹਾੜ ਕ੍ਰਿਸ਼ਨਾਂ 9 ਨੂੰ ਆਪ ਨੇ ਸਾਧੂ ਜੀਵਨ ਗ੍ਰਹਿਣ ਕੀਤਾ ਲੰਬਾ ਸਮਾਂ ਤੱਕ ਰਾਜ ਸੁੱਖ ਭੋਗਨ ਤੋਂ ਬਾਅਦ ਹਾੜ ਕ੍ਰਿਸ਼ਨਾਂ ਨੂੰ ਆਪ ਨੂੰ ਸਾਧੂ ਜੀਵਨ ਗ੍ਰਹਿਣ ਕੀਤਾ। ਮੱਘਰਾ ਸੁਕਲਾ 11 ਨੂੰ ਆਪ ਨੇ ਕੇਵਲ ਗਿਆਨ ਹਾਸਲ ਕੀਤਾ । ਅ ਪ 1000 ਸਾਧੂਆਂ ਨਾਲ ਸਮੇਤ ਸਿਖਰ ਵਿਖੇ ਵੈਸਾਖ ਕ੍ਰਿਸ਼ਨਾ 10 ਨੂੰ ਪਧਾਰੇ । ਆਪ ਦਾ ਚਿੰਨ੍ਹ ਨੀਲਕਮਲ ਹੈ। ਆਪਦੇ ਯਕਸ਼ ਭਰਿਕੁਟੀ ਤੇ ਯਕਸ਼ਨੀ ਚਾਮੁੰਡੀ ਜਾਂ ਗੰਧਾਰੀ ਹਨ ।

## ਭਗਵਾਨ ਅਰਿਸ਼ਟ ਨੇਮੀ ਜੀ

ਜੈਨ ਤੀਰਥੰਕਰ ਪ੍ਰਪੰਰਾਂ ਵਿਚ ਯਦੂ ਬੰਸ਼ ਵਿਚ ਪੈਦਾ ਹੋਏ ਤੀਰਥੰਕਰ ਅਰਿਸ਼ਟ ਨੇਮੀ ਦਾ ਵਿਸ਼ੇਸ ਸਥਾਨ ਹੈ । ਪ੍ਰਸਿਧ ਭਾਰਤੀ ਵਿਦਵਾਨ ਡਾ ਰਾਧਾ ਕ੍ਰਿਸ਼ਨ ਨੇ ਆਪ ਨੂੰ ਇਤਹਾਸਕ ਮਹਾਪੁਰਸ ਮਨਿਆ ਹੈ। ਵੇਦਾਂ ਦੇ ਕਈ ਮੰਤਰਾਂ ਵਿਚ ਭਗਵਾਨ ਰਿਸ਼ਵ ਦੇਵ ਦੀ ਤਰਾਂ ਅਰਿਸ਼ਟ ਨੇਮੀ ਦਾ ਜਿਕਰ ਹੈ । ਆਪ ਦਾ ਜਨਮ 23 ਵੇ ਤੀਰਥਕਰ ਭਗਵਾਨ ਪਾਰਸ ਨਾਥ ਤੋਂ 84000 ਸਾਲ ਪਹਿਲਾ ਸ਼ੋਰੀਆਪੁਰ ਦੇ ਰਾਜੇ ਸਮੁਦਰ ਵਿਜੇ ਦੀ ਰਾਣੀ ਸਿਵਾ ਦੇਵੀ ਦੀ ਪਵਿਤਰ ਕੁਖੋਂ ਹੋਇਆ ਆਪ ਦਾ ਪਰਿਵਾਰ ਵਿਸ਼ਾਲ ਸੀ । ਆਪ ਦੀ ਜਨਮ ਮਿਤੀ ਸਾਵਨ ਸੁਕਲਾ 5 ਹੈ । ਆਪਦੇ ਸਮੇਂ ਹਿੰਸਾ ਅਤੇ ਮਾਸ ਅਹਾਰ ਦਾ ਬਹੁਤ ਪ੍ਰਚਾਰ ਸੀ । ਧਰਮ ਦੇ ਨਾਂ ਤੇ ਬਹੁਤ ਹੀ ਪਾਪ ਹੋ ਰਿਹਾ ਸੀ । ਚੰਗੇ ਰਾਜਾ ਵੀ ਸਿਕਾਰ ਖੇਲਣ ਤੇ ਮਾਸ ਖਾਣ ਵਿਚ ਆਪਣੀ ਬਹਾਦਰੀ ਸਮਝਦੇ ਸਨ । ਰਾਜਕੁਮਾਰ ਅਰਿਸ਼ਟ ਨੇਮੀ ਨੂੰ ਇਹ ਸਭ ਚੰਗਾ ਨਾਂ ਲੱਗਾ ਆਪ ਸੰਸਾਰ ਦੇ ਬੰਧਨ ਵਿਚ ਉਲਝਨਾ ਨਹੀਂ ਸਨ ਚਾਹੁੰਦੇ । ਮਾਤਾ ਪਿਤਾ ਅਤੇ ਹੋਰ ਰਿਸ਼ਤੇਦਾਰਾਂ ਦੇ ਆਖਣ ਤੇ ਆਪ ਦਾ ਰਿਸਤਾ ਜੂਨਾਗੜ ਦੇ ਰਾਜਾ ਉਗਰਸੇਨ ਦੀ ਸਪੁਤਰੀ ਰਾਜਕੁਮਰੀ ਰਾਜੁਲ ਨਾਲ ਤਹਿ ਹੋਇਆ । ਰਾਜਕੁਮਾਰੀ ਵੀ

ਅਰਿਸ਼ਟ ਨੇਮੀ ਦੇ ਗੁਣਾ ਤੋਂ ਬਹੁਤ ਪ੍ਰਭਾਵਿਤ ਸੀ। ਆਖਿਰ ਸੋਰਿਆਪੁਰ ਤੋਂ ਯਾਦਵ ਵੰਸੀ ਖਤਰੀ ਬਰਾਤ ਲੈ ਕੇ ਜੂਨਾਗੜ ਪੁਜੇ। ਬਰਾਤ ਦਰਵਾਜੇ ਤੇ ਪੁਜੀ। ਸਾਰਾ ਜੂਨਾਗੜ ਸਵਾਗਤ ਲਈ ਖੜਾਸੀ

ਪਹਿਲਾ ਰਾਜਕੁਮਾਰ ਅਰਿਸ਼ਟ ਨੇਮੀ ਦਰਵਾਜੇ ਦੇ ਅੰਦਰ ਪ੍ਰਵੇਸ ਕਰਨ ਲਗੇ, ਤਾਂ ਉਨਾਂ ਦੇ ਕੰਨਾ ਵਿਚ ਪਸੂਆਂ ਦੀ ਕੁਰਲਾਹਟ ਸੋਰ ਸਰਾਵਾ ਤੇ ਚੀਖਾ ਪਈਆਂ। ਅਰਿਸਟ ਨੇਮੀ ਨੇ ਰਥ ਰੁਕਵਾ ਕੇ ਕਾਰਣ ਪੁਛਿਆ। ਲੋਕਾ ਨੇ ਕਿਹਾ ਮਹਾਰਾਜ। ਇਹ ਪਸੂ ਤੁਹਾਡੇ ਲਈ ਹੀ ਬੜੇ ਵਿਚ ਬੰਧੇ ਹਨ ਕਿਉ ਕਿ ਬਰਾਤ ਵਿਚ ਹਰ ਪ੍ਰਕਾਰ ਦਾ ਭੋਜਨ ਬਨਣਾ ਹੈ। ਕਈ ਬਰਾਤੀ ਮਾਸਾ ਹਾਰੀ ਹਨ ਉਨਾਂ ਲਈ ਇਹ ਪਸੂ ਭੋਜਨ ਸਮੇ ਮਾਰੇ ਜਾਨੇ ਹਨ। ਹਰ ਪ੍ਰਕਾਰ ਦੇ ਜਾਨਵਰ ਰਾਜਾਂ ਕਈ ਦਿਨਾਂ ਦੀ ਮੇਹਨਤ ਤੋਂ ਵਾਅਦ ਲੈ ਆਉਦੇ ਹਨ।

ਅਰਿਸ਼ਟ ਨੇਮੀ ਨੇ ਲੋਕਾ ਦੇ ਮੂਹੋਂ ਇਹ ਵਾਰਤਾ ਸੁਣੀ ਤਾਂ ਮਨ ਨੂੰ ਠੇਸ ਪੁਜੀ। ਉਨਾਂ ਸੋਚਿਆਂ ਇਕ ਮੇਰੇ ਵਿਆਹ ਕਾਰਣ ਇਨ੍ਹਾਂ ਹਜਾਰਾ ਜੀਵਾਂ ਦਾ ਘਾਤ ਬਿਨਾ ਕਾਰਣ ਹੋਵੇਗਾ ਇਸ ਚੰਗਾ ਹੈ ਕਿ ਮੈਂ ਵਿਆਹ ਹੀ ਨਾਂ ਕਰਾਵਾ। ਇਸ ਨਾਲ ਇਨਾਂ ਬੇਦੋਸੇ ਜੀਵਾਂ ਦੀ ਜਾਨ ਬਚ ਜਾਵੇਗੀ। ਸੰਸਾਰ ਦੇ ਭੋਗਾ ਲਈ ਪਾਪ ਸਭਵ ਹੈ। ਉਨਾ ਉਸੇ ਸਮੇ ਰੱਥ ਵਾਪਸ ਮੋੜ ਦਿਤਾ ਬਰਾਤ ਵਾਪਸੀ ਦਾ ਦੁੱਖ ਸਭ ਨੂੰ ਪੁਜਾ। ਰਾਜਕੁਮਾਰੀ ਰਾਜੁਲ ਨੂੰ ਇਹ ਦੁਖ ਅਸਹਿ ਸੀ।

ਅਰਿਸ਼ਟ ਨੇਮੀ ਨੇ ਇਕ ਸਾਲ ਦਾਨ ਕੀਤਾ। ਫਰ ਹਾੜ ਸੂਕਲਾ 6 ਨੂੰ ਆਪ ਨੇ ਸਾਧੂ ਜੀਵਨ ਗ੍ਰਹਿਣ ਕੀਤਾ। ਆਪਦੇ ਪਰਿਵਾਰ ਦੇ ਲੋਕਾ ਤੋਂ ਛੁਟ ਰਾਜਕੁਮਾਰੀ ਰਾਜੁਲ ਨੇ ਵੀ ਸਾਧਵੀ ਜੀਵਨ ਗ੍ਰਹਿਣ ਕੀਤਾ। ਸਾਵਲ ਕ੍ਰਿਸ਼ਨਾ ਅਮਾਵਸ ਨੂੰ ਆਪਨੇ ਗਿਰਨਾਰ ਪਹਾੜ ਤੇ ਕੇਵਲ ਗਿਆਨ ਹਾਸਲ ਕੀਤਾ। ਲੰਬਾ ਸਮਾ ਧਰਮ ਪ੍ਰਚਾਰ ਕੀਤਾ। ਅਨੇਕਾ ਰਾਜਕੁਮਾਰ, ਰਾਜਕੁਮਾਰੀਆ, ਰਾਜੇ ਬ੍ਰਾਹਮਣ ਅਤੇ ਆਮ ਲੋਕਾਂ ਨੇ ਆਪ ਦੇ ਉਪਦੇਸ ਤੋਂ ਪ੍ਰਭਵਿਤ ਹੋ ਕੇ ਸਾਧੂ ਜੀਵਨ ਗ੍ਰਹਿਣ ਕੀਤਾ। ਇਨਾਂ ਦਾ ਵਰਨਣ ਸ੍ਰੀ ਅੰਤਕ੍ਰਿਤ ਦਸਾਂਗ ਸੂਤਰ ਵਿਚ ਵਿਸਥਾਰ ਨਾਲ ਹੈ।

ਆਪ ਦਾ ਨਿਰਵਾਨ ਗਿਰਨਾਰ ਪਹਾੜ ਤੇ ਹਾੜ ਸੁਕਲਾ 8 ਨੂੰ ਹੋਇਆ। ਆਪ ਦਾ ਸਰੀਰਕ ਚਿਨ ਸੰਖ ਹੈ। ਆਪਦੇ ਯਕਸ ਸਰਵਾਹ ਜਾਂ ਗੋਮੇਧ ਹਨ ਆਪ ਦੀ ਯਕਸਨੀ ਕੁਸਮਾਡੀ ਜਾਂ ਅੰਬਿਕਾ ਹੈ।

# ਭਗਵਾਨ ਪਾਰਸ ਨਾਥ ਜੀ

ਜੈਨ ਧਰਮ ਵਿਚ ਜੇ ਕਿਸੇ ਤੀਰਥੰਕਰ ਦੇ ਸਭ ਤੋਂ ਜਿਆਦਾ ਮੰਦਰ ਹਨ, ਤਾਂ ਉਹ ਭਗਵਾਨ ਪਾਰਸ਼ ਨਾਥ ਜੀ ਹਨ। ਸ੍ਰੀ ਉਤਰਾ ਧਿਐਨ ਸੂਤਰ ਦੇ ਕੇਸੀ ਗੋਤਮ ਸੇ ਬਾਦ ਵਿਚ ਕਿਹਾ ਗਿਆ।

ਪਹਿਲੇ ਤੇ ਅੰਤਮ ਤੀਰਥੰਕਰ ਦੇ ਸਾਧੂ ਪੰਜ ਮਹਾਵਰਤਾ ਦੀ ਪਾਲਨ ਕਰਦੇ ਹਨ। ਦੂਸਰੇ ਤੇ 23 ਵੇ ਤੀਰਥੰਕਰ 4 ਮਹਾਵਰਤ (ਚਤੁਰਯਾਮ) ਦਾ ਪਾਲਨ ਕਰਦੇ ਹਨ।

ਇਸੇ ਚਤੁਰਯਾਮ ਨਿਰਗ੍ਰੰਥਾਂ ਦਾ ਜਿਕਰ ਬੁੱਧ ਗ੍ਰੰਥਾ ਵਿਚ ਥਾਂ ਥਾਂ ਤੇ ਮਿਲਦਾ ਹੈ ਜੋ ਜੈਨ

ਧਰਮ ਨੂੰ ਬੁਧ ਧਰਮ ਤੋਂ ਪੁਰਾਣਾ ਦਰਸਾਦਾ ਹੈ। ਜੈਨ ਗ੍ਰੰਥਾਂ ਵਿਚ ਮਹਾਤਮਾ ਬੁੱਧ ਬਾਰੇ ਕੋਈ ਵਰਨਣ ਨਹੀਂ ਮਿਲਦਾ। ਮਹਾਤਮਾ ਬੁੱਧ ਦੇ ਜਨਮ ਸਮੇ ਚਤੁਰਯਾਮ ਧਰਮ ਸਾਰੇ ਦੇਸ ਵਿਚ ਫੈਲ ਚੁਕਾ ਸੀ। ਭਗਵਾਨ ਮਹਾਵੀਰ ਦੇ ਮਾਤਾ ਪਿਤਾ, ਨਾਨਾ ਬੁੱਧ ਦੇ ਚਾਚਾ ਵੀ ਇਸ ਧਰਮ ਉਪਾਸਕ ਸਨ। ਭਗਵਾਨ ਮਹਾਵੀਰ ਤੇ ਬੁੱਧ ਸਮੇ ਭਗਵਾਨ ਪਾਰਸ ਨਾਥ ਦੇ ਕਾਫੀ ਸਾਧੂ ਸਾਧਵੀ ਮਾਜੂਦ ਸਨ।

ਭਗਵਾਨ ਪਾਰਸ਼ ਨਾਥ ਦਾ ਜਨਮ 850 ਈ: ਪੂ: ਨੂੰ ਵਾਰਾਣਸੀ ਦੇ ਰਾਜਾ ਅਸਵਸੇਨ ਦੀ ਰਾਣੀ ਵਾਮਾ ਦੀ ਪਵਿੱਤਰ ਕੁਖੋਂ ਹੋਇਆ। ਉਸ ਦਿਨ ਪੋਹ ਕ੍ਰਿਸ਼ਨਾ 10 ਸੀ। ਆਪ ਨੂੰ ਡਾਕਟਰ ਜੇਕੋਬੀ ਨੇ ਭਾਰਤ ਦਾ ਪਹਿਲਾ ਇਤਿਹਾਸਕ ਮਹਾਪੁਰਸ਼ ਮਨਿਆ ਹੈ। ਆਪ ਦਾ ਸਮਾਂ ਹੱਠ ਯੁਗ ਸੀ ਲੋਕ ਅਗਿਆਨੀ ਬਣੇ ਹੋਦੇ, ਸ਼ਰੀਰ ਨੂੰ ਕਸ਼ਟ ਦਿੰਦੇ ਸਨ। ਸਾਧੂ ਨੰਗੇ ਹੋ ਕੇ ਜਲਸਮਾਧੀ ਗ੍ਰਹਿਣ ਕਰਦਾ। ਕਈ ਧੂਣੇ ਜਲਾਉਂਦਾ। ਕੋਈ ਉਲਟੇ ਹੋਕੇ ਦੇਹ ਨੂੰ ਕਸ਼ਟ ਦਿੰਦੇ ਸਨ। ਤਪ ਪ੍ਰਦਸ਼ਨ ਮਾਤਰ ਰਹਿ ਚੁਕਾ ਸੀ। ਰਾਜਕੁਮਾਰ ਪਾਰਸ਼ਵ ਨੂੰ ਇਸ ਗੱਲ ਦਾ ਨਿੱਜੀ ਤਜਰਬਾ ਕਮਠ ਯੋਗੀ ਦੀ ਘਟਨਾ ਤੋਂ ਹੋਇਆਂ। ਗੱਲ ਇੰਝ ਹੋਈ "ਕਮਠ ਨਾਂ ਦਾ ਇਕ ਸਨਿਆਸੀ ਵਾਰਾਣਸੀ ਨਗਰ ਤੋ ਬਾਹਰ ਧੂਣਾ ਲਗਾਈ ਬੈਠਾ ਸੀ। ਉਸ ਦੀ ਪ੍ਰਸਿਧੀ ਦੇਸ ਵਿਦੇਸ ਤੱਕ ਫੈਲ ਚੁਕੀ ਸੀ। ਮਾਤਾ ਪਿਤਾ ਦੇ ਆਖਣ ਤੇ ਉਹ ਸਨਿਆਸੀ ਨੂੰ ਵੇਖਣ ਗਏ। ਆਪਨੇ ਅਖਣੇ ਗਿਆਨ ਨਾਲ ਵੇਖਿਆ ਕਿ ਧੂਣੇ ਨੂੰ ਕਮਠ ਨਾਂ ਦਾ ਤਪੱਸਵੀ ਜਲਾ ਰਿਹਾ ਹੈ, ਉਸ ਲੱਕੜ ਵਿਚ ਇਕ ਨਾਗ ਤੇ ਨਾਗਨ ਦਾ ਜੋੜਾ ਜਲ ਰਿਹਾ ਹੈ ਰਾਜਕੁਮਾਰ ਪਾਰਸ਼ਵ ਨੇ ਉਸ ਲੱਕੜ ਨੂੰ ਜਨਤਾ ਦੇ ਸਾਹਮਣੇ ਕੁਲਹਾੜੀ ਤੋੜਿਆ। ਉਸ ਵਿਚੋਂ ਅੱਧੇ ਜਲੇ ਨਾਗ ਨਾਗਨ ਨੂੰ ਨਵਕਾਰ ਮਹਾਮੰਤਰ ਸੁਣਾਇਆ। ਇਹ ਮੰਤਰ ਦੇ ਪ੍ਰਤਾਪ ਸ਼ਦਕਾ ਨਾਗ ਨਾਗਨ ਧਰਨੇਂਦਰ ਦੇਵ ਅਤੇ ਪੱਦਮਾਵਤੀ ਦੇਵੀ ਦੇ ਰੂਪ ਵਿਚ ਸਵਰਗ ਵਿਚ ਪੈਦਾ ਹੋਏ।

ਪੋਹ ਕ੍ਰਿਸ਼ਨਾ 10 ਨੂੰ ਆਪ ਸਾਧੂ ਬਣ ਗਏ। ਜਦ ਆਪ ਤਪ ਕਰ ਰਹੇ ਸਨ ਤਾ ਕਮਠ ਸਾਧੂ ਮਰ ਕੇ ਮੇਘਮਾਲੀ ਨਾਂ ਦਾ ਦੇਵਤ ਬਣ ਗਿਆ। ਉਸ ਮੇਘਮਾਲੀ ਨੂੰ ਅਪਣਾ ਪਿਛਲੇ ਜਨਮ ਦਾ ਵੈਰ ਯਾਦ ਆ ਗਿਆ। ਆਪਣੀ ਦੇਵ ਸ਼ਕਤੀ ਰਾਹੀ ਉਸ ਨੇ ਅੱਠ ਦਿਨ ਵਰਖਾ ਤੂਫਾਨ ਪੈਦਾ ਕਰਕੇ ਭਗਵਾਨ ਪਾਰਸ਼ਨਾਥ ਦੇ ਤਪ ਵਿਚ ਵਿਘਨ ਪਾਉਣ ਦੀ ਕੋਸਿਸ ਕੀਤੀ। ਅਜਿਹੇ ਸਮੇ ਧਰਨੇਂਦਰ ਅਤੇ ਪਦਮਾਵਤੀ ਨੇ ਭਗਵਾਨ ਦੀ ਤਪੱਸਿਆ ਵਿਚ ਸਹਾਇਤਾ ਕੀਤੀ। ਪਦਮਾਵਤੀ ਨੇ ਭਗਵਾਨ ਪਾਰਸ਼ਨਾਥ ਨੂੰ ਸਿਰ ਤੇ ਧਾਰਣ ਕੀਤਾ ਧਰਨੇਂਦਰ ਨੇ ਫੈਣਾ ਰਾਹੀ ਭਗਵਾਨ ਪਾਰਸਨਾਥ ਦੇ ਸਿਰ ਤੇ ਛੱਤਰ ਕੀਤਾ। ਅਤੇ ਮੇਘਮਾਲੀ ਹਾਰ ਗਿਆ। ਚੇਤ ਕ੍ਰਿਸ਼ਨਾ 4 ਨੂੰ ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ।

ਆਪ ਦਾ ਨਿਰਵਾਨ ਸਥਾਨ ਵੀ ਸਮੇਤ ਸ਼ਿਖਰ ਹੈ। ਅਜ ਉਸ ਪਹਾੜ ਤੇ ਸਟੇਸ਼ਨ ਦਾ ਨਾ ਵੀ ਪਾਰਸਨਾਥ ਹੈ ਇਸ ਜਗ੍ਹਾ ਤੇ 1000 ਮੁਨੀਆਂ ਨਾਲ ਸਾਵਨ ਸ਼ੁਕਲਾ 8 ਮੋਕਸ਼ ਪਧਾਰੇ ਆਪ ਦਾ ਸ਼ਰੀਰਕ ਚਿਨ੍ਹ ਸੱਪ ਹੈ। ਆਪ ਦੇ ਯਕਸ਼ ਧਰਨੇਂਦਰ ਤੇ ਸੇਵਕ ਯਕਸ਼ਨੀ ਪਦਮਾਵਤੀ ਹੈ।

# ਭਗਵਾਨ ਮਹਾਵੀਰ ਵਰਧਮਾਨ

ਜੈਨ ਧਰਮ ਦੇ ਅੰਤਮ ਤੀਰਥੰਕਰ ਨਿਰਗ੍ਰੰਥ, ਗਿਆਤਾਪੁਤਰ, ਸਨਮਤਿ ਵਰਧਮਾਨ ਦਾ ਜਨਮ ਖੱਤਰੀਕੁੰਡਗ੍ਰਾਮ ਦੇ ਰਾਜਾ ਸਿਧਾਰਥ ਦੀ ਮਹਾਰਾਣੀ ਤ੍ਰਿਸ਼ਲਾ ਦੀ ਕੁਖੋਂ ਚੇਤ ਸ਼ੁਕਲਾ 13 ਨੂੰ ਹੋਇਆ। ਭਗਵਾਨ ਮਹਾਵੀਰ ਦਾ ਸਮਾਂ ਗੁਲਾਮ ਪ੍ਰਥਾ ਛੂਆਛੂਤ, ਜਾਤਪਾਤ, ਪਸ਼ੂਬਲੀ, ਬ੍ਰਾਹਮਣ ਵਾਦ, ਵੈਦਿਕ ਕ੍ਰਿਆਕਾਂਡਾਂ ਦਾ ਸੀ। ਇਸਤਰੀ, ਸ਼ੂਦਰ ਅਤੇ ਗੁਲਾਮਾਂ ਦੀ ਹਾਲਤ ਪਸ਼ੂਆਂ ਤੋਂ ਬੁਰੀ ਸੀ ਉਨਾ ਦੀ ਮੰਡੀਆਂ ਵਿਚ ਨਿਲਾਮੀ ਦਾ ਕੰਮ ਜੋਰਾ ਤੇ ਸੀ। ਪਸ਼ੂਆਂ ਦੀਆਂ ਗਰਦਨਾ ਹੋਵਨਕੁੰਡ ਦਾ ਸਿੰਗਾਰ ਬਣ ਚੁਕੀਆਂ ਸਨ। ਇਨ੍ਹਾਂ ਸਭ ਬੁਰਾਈਆਂ ਇਕ ਪਾਸੇ ਪਾਸੇ ਸਨ ਦੂਸਰੇ ਪਾਸੇ ਮਹਿਲਾਂ ਦੇ ਸੁੱਖ ਸਨ। ਭਰਾ ਨੰਦੀ ਵਰਧਨ, ਭੈਣ ਸੁਦਰਸ਼ਨਾ ਦਾ ਅਥਾਹ ਪਿਆਰ ਸੀ। ਵੈਸ਼ਾਲੀ ਗਣਰਾਜ ਪ੍ਰਮੁੱਖ ਚੇਟਕ ਜੇਹੇ ਨਾਨਾ ਦੀ ਰਾਜਨੀਤਕ ਸਕਤੀ ਸੀ।

ਬਚਪਨ ਤੋਂ ਹੀ ਬਹਾਦਰ ਵਰਧਮਾਨ ਨੂੰ ਇਨ੍ਹਾਂ ਵਿਚੋਂ ਕੁੱਝ ਵੀ ਚੰਗਾ ਨਹੀਂ ਲਗਦਾ ਸੀ। ਸ਼ਵੇਤਾਂਵਰ ਪ੍ਰੰਪਰਾ ਅਨੁਸਾਰ ਉਨ੍ਹਾਂ ਦੀ ਸਾਦੀ ਕਲਿੰਗਾ ਦੇ ਰਾਜੇ ਜਿਤਸ਼ਤਰੂ ਦੀ ਪੁੱਤਰੀ ਯਸੋਧਾ ਨਾਲ ਹੋਈ ਆਪ ਦੇ ਤਿਆਗੀ ਮਨ ਨੂੰ ਪੁੱਤਰੀ ਪ੍ਰੀਆ ਦਰਸ਼ਨਾ ਦਾ ਮੋਹ ਮਹਿਲਾਂ ਦੀ ਚਾਰ ਦੀਵਾਰੀ ਵਿਚ ਰੱਖ ਨਾਂ ਸਕਿਆ। ਮਾਤਾ ਪਿਤਾ ਦੇ ਸਵਰਗਵਾਸ ਤੋਂ ਬਾਅਦ ਆਪ ਨੇ ਆਪਣੇ ਬੜੇ ਭਰਾ ਨੰਦੀਵਰਧਨ ਤੋਂ ਸਾਧੂ ਜੀਵਨ ਦੀ ਆਗਿਆ ਮੰਗੀ। ਬੜੇ ਭਰਾ ਦੇ ਆਖਣ ਤੇ ਆਪ ਸਾਧੂ ਰੂਪ ਵਿਚ ਦੋ ਸਾਲ ਘਰ ਰਹੇ। ਤੀਰਥੰਕਰ ਪ੍ਰੰਪਰਾ ਅਨੁਸਾਰ ਦਾਨ ਕੀਤਾ। ਪੁੱਤਰੀ ਦੀ ਸ਼ਾਦੀ ਆਪ ਪਹਿਲਾ ਹੀ ਜਮਾਲੀ ਰਾਜਕੁਮਾਰ ਨਾਲ ਕਰ ਚੁੱਕੇ ਸਨ।

30 ਸਾਲ ਦੀ ਭਰੀ ਜਵਾਨੀ ਵਿਚ ਰਾਜ ਮਹਿਲਾਂ ਦੇ ਸੁੱਖਾਂ ਨੂੰ ਠੋਕਰ ਮਾਰ ਕੇ ਗਿਆਤ ਖੰਡਬਾਗ ਵਿਖੇ ਆਪ ਮੱਘਰ ਕ੍ਰਿਸਨਾ 11 ਨੂੰ ਸਾਧੂ ਬਣ ਗਏ। ਭਗਵਾਨ ਮਹਾਵੀਰ ਦੀ ਤਪੱਸਿਆ ਬਾਰੇ ਜੈਨ ਅਚਾਰਿਆ ਦਾ ਆਖਣਾ ਹੈ ਸਾਰੇ ਤੀਰਥੰਕਰਾਂ ਦੀ ਤਪੱਸਿਆ ਦੇ ਸਾਹਮਣੇ ਭਗਵਾਨ ਮਹਾਵੀਰ ਦੀ 12½ ਸਾਲ ਦੀ ਤਪੱਸਿਆ ਮਹਾਨ ਕਸ਼ਟ ਭਰੀ ਸੀ। ਇਸ ਤਪੱਸਿਆ ਦੌਰਾਨ ਆਪ ਨੂੰ ਹਰ ਪ੍ਰਕਾਰ ਦੇ ਕਸ਼ਟ ਝੱਲਣੇ ਪਏ। ਆਪ ਦੇ ਕੰਨਾ ਵਿਚ ਕੀਲੇ ਠੋਕੇ ਗਏ, ਕਈ ਵਾਰ ਜਾਸੂਸ ਸਮਝ ਕੇ ਫਾਂਸੀ ਦਿੱਤੀ ਗਈ, ਕਈ ਵਾਰ ਚੋਰ ਸਮਝ ਕੇ ਕੁੱਟ ਮਾਰ ਖਾਣੀ ਪਈ ਜੰਗਲੀ ਪਸ਼ੂ, ਪੰਛੀ ਉਨ੍ਹਾਂ ਸਰੀਰ ਨੂੰ ਕਸ਼ਟ ਪਹੁਚਾਦੇ, ਜੰਗਲੀ ਲੋਕ ਉਨਾਂ ਪਿਛੇ ਕੁੱਤੇ ਛੱਡ ਦਿੰਦੇ। ਸਵਰਗ ਤੋਂ ਇਕੱਲਾ ਸੰਗਮ ਦੇਵ 6 ਮਹੀਨੇ ਭਗਵਾਨ ਮਹਾਵੀਰ ਨੂੰ ਕਸ਼ਟ ਦਿੰਦਾ ਰਿਹਾ। ਆਪ ਦੇ ਪੈਰ੍ਹਾਂ ਤੇ ਖੀਰ ਪਕਾਈ ਗਈ। ਦੇਵਤੇ, ਮਨੁੱਖ ਆਪ ਨੂੰ ਭਿੰਨ ਭਿੰਨ ਢੰਗਾ ਨਾਲ ਆਪਣੀ ਸਮਾਧੀ ਤੋਂ ਗਿਰਾਉਣ ਦੀ ਕੋਸ਼ਿਸ਼ ਕਰਦੇ। ਪਰ ਆਪ ਕਦੇ ਵੀ ਦੁੱਖਾਂ ਤੋਂ ਨਹੀ ਘਬਰਾਏ ਕਿਸੇ ਤੋਂ ਸਹਾਇਤਾ ਨਹੀ ਮੰਗੀ। ਆਪ ਨੇ ਮਨੁੱਖਾ ਨੂੰ ਹੀ ਨਹੀ ਚੰਡ ਕੌਸ਼ਕ ਜੇਹੇ ਨਾਗ ਨੂੰ ਸਿਧਾ ਰਾਹ ਵਿਖਾਇਆ ਦਾਸੀ ਚੰਦਨਾ ਦੇ ਹੱਥੋਂ ਆਪਣੇ ਭੋਜਨ ਗ੍ਰਹਿਣ ਦਾਸ ਪ੍ਰਥਾ ਦੇ ਅੰਤ ਕੀਤਾ।

ਲੰਬਾ ਸਮਾਂ ਤਪ ਕਰਨ ਤੋਂ ਬਾਅਦ ਆਪ ਰਿਜੂਵਾਲਿਕਾ ਨਦੀ ਦੇ ਕਿਨਾਰੇ ਸਿਆਮ ਨਾਂ

ਕਿਸਾਨ ਦੇ ਧਾਨ ਦੇ ਖੇਤ ਵਿਚ ਗੋਦੋਹਿਕਾ ਆਸਨ ਵਿਚ ਧਿਆਨ ਲਾਈ ਬੈਠੇ ਸਨ। ਵੈਸਾਖ ਸ਼ੁਕਲਾ 10 ਆਪ ਨੂੰ ਕੇਵਲ ਗਿਆਨ ਪ੍ਰਾਪਤ ਹੋ ਗਿਆ।

ਆਪ ਦਾ ਪਹਿਲਾ ਉਪਦੇਸ਼ 42 ½ ਸਾਲ ਦੀ ਉਮਰ ਵਿਚ ਪਾਵਾ ਪੁਰੀ ਵਿਖੇ ਹੋਈਆ। ਇਸ ਜਗ੍ਹਾ ਤੇ ਇੰਦਰ ਭੂਤੀ ਗੌਤਮ ਆਦਿ 4400 ਵਿਦਵਾਨ ਯੱਗ ਕਰ ਰਹੇ ਸਨ। ਆਪ ਦੇ ਪਹਿਲੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਬ੍ਰਾਹਮਣ ਆਪ ਦੇ ਚੇਲੇ ਬਣ ਗਏ ਆਪ ਦੇ 14000 ਸਾਧੂਆ ਦੇ ਪ੍ਰਮੁਖ ਵੇਦ ਵਿਦਵਾਨ ਇੰਦਰ ਭੂਤੀ ਗੌਤਮ ਸਨ। ਸਾਧਵੀ ਪ੍ਰਮੁਖ ਦਾਸੀ ਚੰਦਨਵਾਲਾ ਸੀ। ਸਾਧਵੀਆਂ ਦੀ ਗਿਣਤੀ 36000 ਸੀ। ਆਪ ਦੇ ਧਰਮ ਸੰਘ ਵਿਚ ਹਰ ਜਾਤ, ਫਿਰਕੇ ਨਸਲ, ਰੰਗ ਭਾਸ਼, ਕਿਤੇ ਦੇ ਲੋਕ ਸ਼ਾਮਲ ਸਨ। ਇਸਤਰੀਆਂ ਤੇ ਸੂਦਰਾ ਨੂੰ ਸਮਾਜਿਕ ਤੇ ਧਾਰਮਿਕ ਸਮਾਨਤਾ ਮਹਾਤਮਾ ਬੁੱਧ ਤੋਂ ਪਹਿਲਾ ਆਪ ਨੇ ਪ੍ਰਦਾਨ ਕੀਤੀ। ਭਗਵਾਨ ਮਹਾਵੀਰ ਨੇ ਆਪਣਾ ਧਰਮ ਉਪਦੇਸ਼ ਲੋਕ ਭਾਸ਼ਾ ਵਿਚ ਦਿੱਤਾ। ਭਗਵਾਨ ਮਹਾਵੀਰ ਦੀ ਬਾਣੀ ਝੋਪਣੀ ਤੋਂ ਰਾਜਮਹਿਲਾਂ ਤੱਕ ਪਹੁੰਚੀ।

ਉਸ ਸਮੇਂ ਦੇ ਅਨੇਕ ਰਾਜੇਆਂ, ਰਾਜਕੁਮਾਰਾਂ, ਰਾਣੀਆਂ, ਸੇਠਾ ਨੂੰ ਸੰਸਾਰਿਕ ਸੁੱਖਾਂ ਨੂੰ ਠੋਕਰ ਮਾਰ ਭਗਵਾਨ ਮਹਾਵੀਰ ਦਾ ਸਾਧੂ ਧਰਮ ਤੇ ਗ੍ਰਹਿਸਥ ਧਰਮ ਅੰਗੀਕਾਰ ਕੀਤਾ।

ਭਗਵਾਨ ਮਹਾਵੀਰ ਨੇ ਅਪਣਾ ਅੰਤਮ ਚੋਮਾਸਾ ਪਾਵਾ ਪੁਰੀ ਵਿਖੇ 527 ਈ: ਪੂ: ਨੂੰ ਕੀਤਾ ਆਪ ਦਾ ਅੰਤਮ ਉਪਦੇਸ਼ ਸ੍ਰੀ ਉਤਰਾ ਆਪ ਦੇ ਨਿਰਵਾਨ ਦੀ ਯਾਦ ਵਿਚ ਵੀਰ ਸੰਬਤ ਚਲਿਆ। ਆਪ ਦੇ ਨਿਰਵਾਨ ਤੋਂ ਬੜੇ ਭਰਾ ਰਾਜਾ ਨੰਦੀਵਰਧਨ ਨੂੰ ਬਹੁਤ ਦੁੱਖ ਪੁਜਾ। ਭੈਣ ਸੁਦਰਸਨਾ ਨੇ ਘਰ ਬੁਲਾ ਕੇ ਆਪਣੇ ਭਰਾ ਨੂੰ ਟੀਕਾ ਕੀਤਾ ਖਾਣਾ ਖਿਲਾ ਕੇ ਸਮਝਾਈਆ ਇਹੋ ਦਿਨ ਭਾਈ ਦੂਜ ਅਖਵਾਈਆਂ। ਧਿਐਨ ਸੂਤਰ ਦੇ 36 ਅਧਿਐਨਾ ਵਿਚ ਦਰਜ ਹੈ। ਇਥੇ ਹੀ ਆਪ ਦੀ ਯਾਦ ਵਿਚ ਆਪ ਦੇ ਭਰਾਂ ਰਾਹੀ ਜਲ ਮੰਦਰ ਬਣਾਇਆ ਗਿਆ। ਜਿਥੇ ਹਰ ਦੀਵਾਲੀ (ਨਿਰਵਾਨ ਦਿਵਸ) ਤੇ ਮੇਲਾ ਲਗਦਾ ਹੈ।

ਚੰਦਰ ਗੁਪਤ ਮੋਰੀਆ, ਬਿੰਦੂ ਸ਼ਾਰ, ਸੰਪਰਪ੍ਰਤਿ, ਕੁਮਾਰ ਪਾਲ ਆਦਿ ਅਨੇਕਾਂ ਰਾਜਿਆਂ ਨੇ ਜੈਨ ਧਰਮ ਨੂੰ ਰਾਜਾ ਧਰਮ ਦਾ ਦਰਜ਼ਾ ਦਿੱਤਾ। ਦੱਖਣ ਦੇ ਕਈ ਗੰਗ, ਚੋਲ, ਹੋਯਸਲ, ਚਾਲੂਕਿਅ ਕਲਚਰੀ ਆਦਿ ਬੰਸਾਂ ਦੇ ਅਨੇਕਾ ਰਾਜਿਆਂ ਨੇ 11 ਸਦੀ ਤੱਕ ਜੈਨ ਧਰਮ ਨੂੰ ਰਾਜ ਧਰਮ ਬਣਾਇਆ ਮੁਸਲਮਾਨ ਬਾਦਸ਼ਾਹਾਂ ਨਾਲ ਵੀ ਜੈਨ ਗ੍ਰਹਿਸਥ ਤੇ ਮੁਨੀਆਂ ਦੇ ਚੰਗੇ ਸਬੰਧ ਰਹੇ। ਭਾਰਤ ਦੀ ਅਜਾਦੀ ਲਹਿਰ ਵਿਚ ਜੈਨ ਧਰਮੀਆਂ ਨੇ ਹੋਰ ਧਰਮਾ ਵਾਲਿਆਂ ਵਾਲੇ ਬਰਾਂਬਰ ਦਾ ਹਿਸਾ ਪਾਇਆ ਭਗਵਾਨ ਮਹਾਵੀਰ ਦੇ ਨਿਰਵਾਨ ਤੋ ਬਾਅਦ ਜੈਨ ਧਰਮ ਦੇ ਮੁਖ ਫਿਰਕੇ 4 ਹਨ (1) ਸਵੇਤਾਂਬਰ ਮੂਰਤੀਪੂਜਕ (2) ਸਥਾਨਕ ਵਾਸੀ (3) ਤੇਰਹ ਪੰਥੀ (4) ਦਿਗੰਬਰ (ਨਗਨ ਮੁਨੀਆਂ ਦਾ ਫਿਰਕਾ)